# ਵਰਿਆਮ

ਅਕਤੂਬਰ ੧੯੮੧

੧/੫੦



Sri Satguru Jagjit Singh Ji Elibrary NamdhariElibrary@gmail.com

WITH COMPLIMENTS

FROM

**Bliss**

THE GUEST HOUSE

**11/10 Pusa Road**

**NEW DELHI-110005.**

**Phone : 589596**

AIR CONDITIONED

AND

NON AIR CONDITIONED ROOMS

HALLS FOR MARRIAGES,

RECEPTIONS & CONFERENCES

24 HOURS ROOM SERVICE

TELEPHONE

IN EVERY ROOM

*GOLDEN HOLIDAYS*

*Present*

*most exciting and high value tours*

- THAILAND
- MALAYASIA
- SINGAPORE
- HONGKONG
- PHILLIPINES
- JAPAN
- EUROPE AND
- U. S. A.

*for details, please contact operators*

**Kwick Travels Pvt. Lt**

6/85. W.E.A. Karol Bagh,

NEW DELHI-110005.

Phones : 562588 ; 569216

Cable : KWICKAIR



Sri Satguru Jagjit Singh Ji Elibrary NamdhariElibrary@gmail.com

FOR BEST QUALITY & PERFORMANCE
Ask for
JAYSON PRODUCTS



- ELECTRIC MOTORS
- GRINDERS
- POLISHERS
- EXHAUST FANS

Show Room :
**Jayson Sales Corpn.**
3832/10 Shardha Nand Marg
(G B Road)
Behind M. C. Primary School
NEW DELHI-110006.
Phone : 525795

Manufacturers
**Jayson Electric Company**
Factory :
WH-2, PHASE 1
Industriai Area,
Sat Guru Ram Singh Ma g
Maya Puri. NEW DELHI-110064
Phone : 594536

Sister concern :
**Jayson Enterprises**
WH-4, Phase 1
Industrial Area,
Sat Guru Ram Singh Marg.
Maya Puri, NEW DELHI-110054.

REPUTED MANUFACTURERS OF :-

SUPERIOR QUALITY

SINGLE BARREL &

DOUBLE BARREL

B. L. 12 BORE

**GUNS**

Grams : SNIPER Phone : 3805

**MODERN GUN WORKS**

Opp. Industrial Estate,

JAMMU CANTT.



Sri Satguru Jagjit Singh Ji Elibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 250345
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DELHI-110006**



Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

RAJPAL

# The Leading Name in Construction Machinery



CO 'CRETE MIXER 10/7 CFT



CONCRETE MIXER 7/5

Manufacturers of :

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory:501973
Resi. : 505454

# BALWANT SINGH & SONS

Office : 4E/11 JHANDEWALA EXTN. NEW DELHI-110055

Factory : A 2/3. MAYA PURI, PHASE II Opp. C 70 NEW DELHI-11006

Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt )



(SINGLE BARREL OR DOUBLE BARREL) 12 Bore Guns

**Once Purchased Ever Purchased**

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE



Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**ਅੰਬਰ ਫੂਡਜ਼**

**ਹੈਦਰਾਬਾਦ**

# AMBER FOOD

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS





QUALITY MARKED

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ ।

TRADE **JASPAL** MARK

Grams : HABI INDUSTRIES Phone : 273

***HABI INDUSTRIES (Regd.)***

10, Industrial Area,

PHAGWARA—144401.



Sri Satguru Jagjit Singh Ji Elibrary NamdhariElibrary@gmail.com

ਮਾਸਕ
# ਵਰਿਆਮ
ਅਕਤੂਬਰ ੧੯੮੧

ਜਿਲਦ ਨੰ: ੬ ਅੰਕ ਨੰ: ੧੨

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਸੰਪਾਦਕ : ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ : ੧-੫੦ ਰੁਪਿਆ
ਸਾਲਾਨਾ ਚੰਦਾ ਦੇਸ਼ : ੧੫ ਰੁਪਏ
" " ਵਿਦੇਸ਼ : ੯੦ ਰੁਪਏ (ਸਮੁੰਦਰੀ ਡਾਕ ਰਾਹੀਂ)
" " ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ਼ ਵਿਚ

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧.
ਫੋਨ : ੭੨੫੦੪ ਪੀ. ਪੀ

Office Address
Monthly WARIAM
(Punjabi)
Ladowali Road
Jullundur-144001
Phone : 72504 PP



Sri Satguru Jagjit Singh Ji Elibrary NamdhariElibrary@gmail.com

# ਵਰਿਆਮ ਅਕਤੂਬਰ ਅੰਕ

ਗਿਆਨੀ ਹੀਰਾ ਸਿੰਘ ਦਰਦ ਨਗਰ, ਜਲੰਧਰ :

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਯਾਦਗਾਰੀ ਸਿਲਵਰ ਜੁਬਲੀ ਸਮਾਰੋਹ ਬਹੁਤ ਧੂਮ ਧਾਮ ਨਾਲ ਚਲ ਰਹੇ ਹਨ। ਇਹ ਸਮਾਰੋਹ ਹਾਜ਼ਰੀ ਦੇ ਪਖੋਂ, ਪਰਬੰਧ ਦੇ ਪਖੋਂ ਅਤੇ ਕਾਰਵਾਈ ਦੇ ਪਖੋਂ ਸਭ ਸੰਭਾਵਨਾਵਾਂ ਦੀਆਂ ਸੀਮਾਵਾਂ ਪਾਰ ਕਰ ਕੇ ਸਫਲਤਾ ਸਹਿਤ ਸੰਪੂਰਨ ਹੋ ਰਹੇ ਹਨ। ਅਸੀਂ ਇਹਨਾਂ ਸਮਾਰੋਹਾਂ ਵਿਚ ਕੋਈ ਡੇਢ ਮਹੀਨੇ ਤੋਂ ਰੁਝੇ ਹੋਏ ਹਾਂ ਇਸ ਵਾਸਤੇ ਵਰਿਆਮ ਦਾ ਹਥਲਾ ਅੰਕ ਸੀਮਤ ਆਕਾਰ ਵਿਚ ਹੀ ਤਿਆਰ ਕਰ ਸਕੇ ਹਾਂ। ਪਾਠਕ ਮੁਆਫ ਕਰਨ।

ਇਹਨਾਂ ਸਮਾਰੋਹਾਂ ਦੀਆਂ ਤਸਵੀਰਾਂ ਸਹਿਤ, ਅਸੀਂ ਹੋਰ ਅੰਕ ਤਿਆਰ ਕਰ ਰਹੇ ਹਾਂ ਜੋ ਇਸ ਘਾਟ ਨੂੰ ਪੂਰਿਆਂ ਕਰੇ ਗਾ।

ਜਗਦੀਸ਼ ਸਿੰਘ
30 ਅਕਤੂਬਰ 1981


With Best compliments from :-

**NAMDHARI BROTHERS**

Prop. S. AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE, P. S G. ELECTRIC MOTORS, ELECTRICAL APPLIANCES, STAINLESS STEEL PARTS, PRESSURE COOKERS, AND AGRICULTURAL IMPLIMENTS

WITH BEST COMPLIMENTS FROM :

***New Namdhari Cloth House***

WHOLE SALE CLOTH DEALERS

*Main Bazar, DALTONGANJ (Bihar)*





Sri Satguru Jagjit Singh Ji Elibrary NamdhariElibrary@gmail.com

ਲੜੀ ਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ
ਸਤੰਬਰ ੧੯੮੧ ਅੰਕ ਵੇਖੋ)

੬ ਦਸੰਬਰ ੧੯੭੭ ਮੰਗਲਵਾਰ
ਨਵੀਂ ਦਿਲੀ

ਨਾਲ ਦਿਆਂ ਸਮੇਤ ਸਤਿਗੁਰੂ ਜੀ ੧੫ ਕੁ ਮਿੰਟ ਘਰ ਬੈਠ, ਉਡੀਕ ਕੇ ਬੀਬੀ ਕਲਜੀਤ ਨੂੰ ਇਹ ਕਹਿ ਕੇ ਆ ਗਏ : ਹਾਜ਼ਰੀ ਲੁਆ ਛੱਡਣਾ।

## ਰਿਹਾ ਹੋਇਆਂ ਨੂੰ ਮਿਲੋ

ਸਤਿਗੁਰਾਂ ਮੇਰੇ ਨਾਲ ਬਚਨ ਕੀਤਾ : ਸਾਧੂ ਸਿੰਘ (ਕਿਸਾਨ) ਬੁਢੀ ਮਾੜੀ ਦੇ ਭਰਾ ਬਲੀ ਸਿੰਘ, ਗੁਰਦੇਵ ਸਿੰਘ, ਗੁਰਮੁਖ ਸਿੰਘ ਆਦਿ ਰਿਹਾ ਹੋ ਕੇ ਆ ਗਏ ਹਨ, ਕੱਲ ਉਹ ਭੈਣੀ ਸਾਹਿਬ ਦਰਸ਼ਨ ਕਰਨ ਆਉਣਗੇ ਜੇ ਤੁਹਾਨੂੰ ਠੰਢ ਨਾ ਪ੍ਰਤੀਤ ਹੋਵੇ ਤਾਂ ਤੁਸੀਂ ਵੀ ਜਾਕੇ ਮਿਲ ਆਓ ਭੈਣੀ ਸਾਹਿਬ।

ਵਾਪਸੀ ਤੇ ਆਕੇ ਸੰਗੀਤ ਸਿੱਖਦੇ ਬੱਚਿਆਂ ਨਾਲ ੨੦ ਮਿੰਟ ਲਾਕੇ ਸਤਿਗੁਰੂ ਜੀ ਪ੍ਰਸ਼ਾਦ ਛਕਣ ਲਈ ਇਸ਼ਨਾਨ ਕਰਨ ਵਾਸਤੇ ਚਲੇ ਗਏ।

ਪ੍ਰਸ਼ਾਦ ਵਲੋਂ ਵਿਹਲੇ ਹੋ ਆਰਾਮ ਕਰਨ ਲਈ ਜਾਂਦਿਆਂ ਆਪ ਨੇ ਸ੍ਰੀ ਗੁਰਦੇਵ ਸਿੰਘ ਸਰੋਦ ਵਾਦਕ ਨੂੰ ਬੁਲਾਕੇ ਆਗਿਆ ਕੀਤੀ : ਅੱਜ ਰਾਤੀਂ ੭ ਵਜੇ ਰਾਜਨ-ਸਾਜਨ ਨੂੰ ਸੁਣਾਂਗੇ। ਤੂੰ ਤਬਲੇ ਵਾਲੇ ਤੇ ਉਨ੍ਹਾਂ ਨੂੰ ਤਿਆਰ ਰਖੀਂ।

## ਕੇਵਲ ਸੌ ਰੁਪੈਆ ?

ਏਨੇ ਚਿਰ ਨੂੰ ਬੀਬਾ ਜੀ ਆਪਣੇ ਕਮਰਿਓਂ ਨੇੜੇ ਦਾ ਦੁਆਰ ਉਲੰਘ ਕੇ ਸਤਿਗੁਰੂ ਜੀ ਪਾਸ ਪਹੁੰਚ ਨਾਰੀ ਸੁਲਭ ਅੰਦਾਜ਼ ਵਿਚ ਹੱਥ ਜੋੜ ਕੋਈ ਅਰਜ਼ ਚੇਤੇ ਕਰਵਾ ਦੀ। ਆਪਣੇ ਖਜ਼ਾਨਚੀ ਸੇਠ ਮਹਿੰਦਰ ਸਿੰਘ ਪ੍ਰਰਵਾ ਨੂੰ ਕੋਲ ਵੇਖ ਫ਼ਰਮਾਣ ਲਗੇ : ਗੁੱਡੀ (ਬੀਬਾ ਜੀ) ਨੂੰ ਸੌ ਰੁਪੈਆ ਦੇਣਾ ਸੀ। ਤੂੰ ਮਿਲਦਾ ਨਹੀਂ ਸੈਂ ਪਿਆ, ਮੈਂ ਭੁਪਿੰਦਰ (ਸੇਠ ਜੀ ਦਾ ਲੜਕਾ) ਨੂੰ ਆਖਕੇ ਮੰਗਵਾਇਆ ਹੈ। ਇਹ ਕਹਿੰਦੀ ਸੀ ਕੁਝ ਪੈਸੇ ਕੋਲ ਹੋਣ ਤਾਂ ਹੌਸਲਾ ਰਹੇਗਾ, ਕੁਝ ਖਰੀਦਣਾ ਹੀ ਪੈ ਜਾਂਦਾ ਹੈ।

ਸਤਿਗੁਰੂ ਜੀ ਮੁਸਕਾਏ : ਮੈਨੂੰ ਤਾਂ ਸੌ ਸੌਂਕੜਾ ਮੰਗਣਾ ਦੁਸ਼ਵਾਰ ਹੈ ਕੋਈ ਹਜ਼ਾਰਾਂ ਲੱਖਾਂ ਦੀ ਗੱਲ ਹੋਵੇ ਤਾਂ ਮੰਗ ਵੀ ਲਈਏ।

ਬੀਬਾ ਜੀ ਆਪਣੀ ਅਧਿਆਪਕਾ ਤੇ ਸਖੀਆਂ ਨਾਲ ਐਗਰੀ ਐਕਸਪੋ ੭੭ ਨੁਮਾਇਸ਼ ਵੇਖਣ ਚਲੇ ਗਏ।

ਆਰਾਮ ਕਰ ਉਠੇ ਤਾਂ ਸਤਿਗੁਰੂ ਜੀ ਬੱਚਿਆਂ ਤੋਂ ਫਿਰ 'ਕਰੁਣਾ ਨਿਧਾਨ' ਸੰਥਾ ਸੁਣਨ ਲਗੇ। ਐਖੀਆਂ ਗਤਾਂ ਤੇ ਤਾਰ ਵਿਚ ਇਕਸਾਰਤਾ ਲਿਆਣ ਲਈ ਜਤਨ ਹੋ ਰਹੇ ਸਨ। ਚਾਰ ਵਜੇ ਤਕ ਇਹੋ ਰੁਝੇਵਾਂ ਰਿਹਾ। ਵਿਚ ਮਹਾਰਾਜ ਜੀ ਆਏ ਤਾਂ ਉਨ੍ਹਾਂ ਨੂੰ ਵੀ ਇਹ ਮੁੜ ਸੁਣਾਇਆ।

## ਸੁਲੱਖਣ ਸਿੰਘ ਅਨੁਸਾਰ ਸਹਿਯੋਗ

ਸ੍ਰ. ਸੁਲੱਖਣ ਸਿੰਘ ਮੈਂਬਰ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਲ ਇੰਡੀਆ ਗੁਰਦੁਆਰਾ ਕਾਨੂੰਨ ਦਾ ਖਰੜਾ ਲਿਆ ਕੇ ਦਿਤਾ ਤਾਂ ਮਹਾਰਾਜ ਜੀ ਨੇ ਸ੍ਰੀ ਹਜ਼ੂਰ ਨੂੰ ਪੜ੍ਹ ਕੇ ਸੁਣਾਇਆ। ਸਤਿਗੁਰੂ ਜੀ ਨੇ ਸਾਰਾ ਖਰੜਾ ਖਲੇ ਖੁਲੋਤਿਆਂ ਹੀ ਸੁਣਿਆ ਤੇ ਆਗਿਆ ਕੀਤੀ : ਦਿੱਲੀ ਦੇ ਗੁਰ-ਦੁਆਰਿਆਂ, ਦੇ ਦੀਵਾਨਾਂ ਜਾਂ ਜਲੂਸਾਂ ਆਦਿ ਵਿਚ ਸੁਲੱਖਣ ਸਿੰਘ ਦੀ ਇੱਛਾ ਅਨੁਸਾਰ ਹੀ ਨਾਮਧਾਰੀ ਸਹਿਯੋਗ ਦੇਣ। ਇਸ ਗੱਲ ਦਾ ਸਾਰੀਆਂ ਕਾਲੋਨੀਆਂ ਵਿਚ ਐਲਾਨ ਕੀਤਾ ਜਾਵੇ।

## ਉੱਨਤੀ ਲਈ ਜਤਨ

ਮੈਂ ਸਤਿਗੁਰੂ ਜੀ ਨੂੰ ਸੂਚਿਤ ਕੀਤਾ ਕਿ ਸ੍ਰ. ਹੰਸਪਾਲ ਤੇ ਸੇਠ ਜੀ ਜਾਪਾਨੀ ਐਂਬੈਸੀ ਵਿਚ ਗਏ ਹਨ ਆਪ ਨੂੰ ਦੱਸਣ ਹਿਤ ਕਹਿ ਗਏ ਸਨ। ਸਤਿਗੁਰਾਂ ਫ਼ਰਮਾਇਆ : ਜਤਨ ਹੋ ਰਿਹਾ ਹੈ ਕਿ ਭੈਣੀ ਸਾਹਿਬ ਵਿਚ ਘੜੀਆਂ ਦੀ ਫ਼ੈਕਟਰੀ ਲਗਾਈ ਜਾਇ ਇਸ ਬਾਰੇ ਗੱਲ ਬਾਤ ਚਲ ਰਹੀ ਹੈ।

ਮੈਨੂੰ ਆਗਿਆ ਹੋਈ ਕਿ ਮਹਾਰਾਜ ਜੀ ਨਾਲ ਬਾਰੀ ਪਰੀਸ਼ਦ ਵਾਲਿਆਂ ਦੇ ਸਮਾਗਮ ਵਿਚ ਜਾਵਾਂ ਅਤੇ ੭ ਵਜੇ ਸ਼ਾਮ ਤਕ ਵਾਪਸ ਆ ਜਾਵਾਂ ਸੰਗੀਤ ਸੁਣਨ ਲਈ। ਪਰ ਮੈਂ ਸੰਗੀਤ ਵਲੋਂ ਛੁਟੀ ਲੈ ਲਈ ਕਿਉਂਕਿ ਕੱਲ੍ਹ ਭੈਣੀ ਸਾਹਿਬ ਜਾਣਾ ਹੈ।



Sri Satguru Jagjit Singh Ji Elibrary NamdhariElibrary@gmail.com

### ਬੇਬੇ ਜੀ ਆ ਗਏ

ਸੰਗੀਤ ਤੋਂ ਵਿਹਲੇ ਹੋ ਸਤਿਗੁਰੂ ਬਾਹਰ ਆਏ ਤਾਂ ਉਡੀਕ ਵਿਚ ਖਲੋਤੇ ਇਸਤਰੀ ਪੁਰਸ਼ਾਂ ਦੀ ਭੀੜ ਨਮਸਕਾਰ ਕਰਨ ਹਿਤ ਉਮਡ ਪਈ। ਏਥੇ ਬੇਬੇ ਸਤਵੰਤ ਕੌਰ ਜੀ ਵੀ ਆਏ ਹੋਏ ਸਨ ਆਪਣੀ ਨੂੰਹ ਬਲਜੀਤ ਕੌਰ ਅਤੇ ਪੋਤਰੀਆਂ ਸਮੇਤ। ਪਿਛੋਂ ਪਤਾ ਲਗਾ ਕਿ ਉਹ ਪ੍ਰਸ਼ਾਦ ਛੱਕਣ ਸਮੇਂ ਦੇ ਆਏ ਹੋਏ ਸਨ ਤੇ ਉਹਨਾਂ ਗੁਰੂ ਕਿਆਂ ਨਾਲ ਹੀ ਲੰਗਰ ਛਕਿਆ। ਸਤਿਗੁਰੂ ਜੀ ਜਦੋਂ ਹੁਣ ਬਾਹਰ ਆਕੇ ਬੇਬੇ ਜੀ ਨੂੰ ਮਿਲੇ ਤਾਂ ਉਹਨਾਂ ਹਸਦੇ-ਹਸਦੇ ਕਹਿ ਹੀ ਦਿਤਾ : ਤੁਹਾਨੂੰ ਠਾਕਰ (ਸ਼ਮਸ਼ੇਰ ਸਿੰਘ) ਜੀ ਦੀ ਕੋਠੀ ਗ੍ਰੇਟਰ ਕੈਲਾਸ਼ ਲੈ ਹੀ ਚਲਣਾ ਹੈ, ਭਾਵੇਂ ਚੁਕ ਕੇ ਨਾ ਲੈ ਜਾਣਾ ਪਵੇ, ਏਨੀ ਵੱਡੀ-ਕੋਠੀ ਤੁਹਾਡੇ ਬਿਨਾਂ ਸੋਹਣੀ ਨਹੀਂ ਲਗਦੀ।

ਇਕ ਸਿੰਘ ਨੇ ਲੜਕੀ ਸਮੇਤ ਆਕੇ ਅਰਜ਼ ਕੀਤੀ ਕਿ ਉਹਦੇ ਸਹੁਰੇ ਉਸਨੂੰ ਰਖਦੇ ਨਹੀਂ, ਕਿਰਪਾ ਕਰੋ। ਸਤਿਗੁਰੂ ਜੀ ਬਚਨ ਕੀਤਾ ਕਿ ਉਹ ਦਿਹਨਾਂ ਦੀ ਲੀਕੋਂ ਬਾਹਰ ਹਨ, ਕੋਈ ਖਰਚ ਵਰਚ ਦੀ ਲੋੜ ਹੈ ਤਾਂ ਪ੍ਰਬੰਧ ਕਰ ਦਿਤਾ ਜਾਵੇਗਾ। ਸਤਿਗੁਰੂ ਜੀ ਨੇ ਬੀਬੀ ਦੇ ਕਪੜਿਆਂ ਨੂੰ ਗੈਰ ਮੁਨਾਸਬ ਦਸਿਆ। ਸਿੱਖ ਦੀ ਇਕੋ ਬੇਨਤੀ ਸੀ : ਸਾਰੇ ਦੁੱਖਾਂ ਰੋਗਾਂ ਦਾ ਆਪ ਹੀ ਦਾਰੂ ਹੋ।

### ਆਹਲੂਵਾਲੀਏ ਨੂੰ ਦਰਸ਼ਨ

੪.੩੦ ਵਜੇ, ਸੰਤ ਹਜ਼ਾਰਾ ਸਿੰਘ ਮਾਛੀ (ਜੋ ਅੱਜ ਹੀ ਏਥੇ ਆਏ ਹਨ ਅਤੇ ਅੱਜ ਕੱਲ ਭੈਣੀ ਸਾਹਿਬ ਸੰਗੀਤ ਸਿੱਖਦੇ ਬਚਿਆਂ ਦੇ ਪ੍ਰਬੰਧਕ ਹਨ) ਨੇ ਆਪ ਇਕ ਵਾਰ ਮੱਥਾ ਟੇਕ ਕੇ ਫਿਰ ਇਕ ਹੋਰ ਨਮਸਕਾਰ ਕੀਤੀ। ਸਤਿਗੁਰੂ ਜੀ ਦੂਹਰੀ ਨਮਸਕਾਰ ਦਾ ਕਾਰਣ ਪੁਛਿਆ ਤਾਂ ਸੰਤ ਨੇ ਕਿਹਾ : ਸੱਚੇ ਪਾਰਬ੍ਰਹਮ, ਇਹ ਵੰਦਨਾ ਸਵਰਗਵਾਸੀ ਸ੍ਰ. ਲਛਮਣ ਸਿੰਘ ਗਰੰਥ ਗੜ੍ਹ, ਸਾਬਕਾ ਪ੍ਰਧਾਨ ਨਾਮਧਾਰੀ ਦਰਬਾਰ ਦੇ ਭਤੀਜੇ ਸ੍ਰ. ਸਰਵਣ ਸਿੰਘ ਆਹਲੂਵਾਲੀਆ ਦੀ ਹੈ। ਸਤਿਗੁਰੂ ਜੀ : ਕਿਥੇ ਰਹਿੰਦਾ ਹੈ?

ਸੰਤ ਹਜ਼ਾਰਾ ਸਿੰਘ : ਏਥੇ ਹੀ ਕਰੋਲਬਾਗ, ਗੁਰ-ਦੁਆਰਾ ਰੋਡ ਤੇ ਹੀ ਉਹਦਾ ਘਰ ਹੈ।

ਸਤਿਗੁਰੂ ਜੀ ਬਚਨ ਕੀਤਾ : ਚਲੋ ਚਲਦੇ ਹਾਂ, ਉਸ ਨੂੰ ਜਾਕੇ ਮਿਲਦੇ ਹਾਂ। ਸ੍ਰੀ ਹਜ਼ੂਰ ਨੇ ਸ੍ਰ ਬਿਅੰਤ ਸਿੰਘ ਜਸਵੰਤ ਸਿੰਘ ਕੀ ਕਾਰ ਤਿਆਰ ਕਰਵਾ ਕੇ ਸੰਤ ਹਜ਼ਾਰਾ ਸਿੰਘ, ਸੰਤ ਮਹਿੰਦਰ ਸਿੰਘ ਪੁਰਵਾ ਰੋ ਮੈਨੂੰ ਨਾਲ ਬਿਠਾ ਲਿਆ।

### ਗਰੰਥਗੜ੍ਹ ਦਾ ਬਾਬਾ

ਗਿਆਨੀ ਦਾ ਹੋਟਲ ਲੰਘਕੇ ਥੋੜੇ ਫਾਸਲੇ ਤੇ ਹੀ, ਗੁਰਦੁਆਰਾ ਰੋਡ ਤੇ ਖੱਬੇ ਹੱਥ ਗੱਡੀ ਜਾ ਖੜੀ ਕੀਤੀ। ਹਜ਼ਾਰਾ ਸਿੰਘ ਘਰ ਅੰਦਰ ਸੂਚਨਾ ਦੇਣ ਗਏ। ਅੱਸੀ ਸਾਲਾ ਬਜ਼ੁਰਗ ਸਰਵਣ ਸਿੰਘ ਹੌਲੀ ਹੌਲੀ ਤੁਰਦਾ ਸੜਕ ਉਤੇ ਹੀ ਆ ਚਰਨੀਂ ਢੱਠਾ। ਆਖੇ : ਮੇਰੇ ਧੰਨ ਭਾਗ। ਮੈਂ ਤਾਂ ਸਮਰਥ ਨਹੀਂ ਸਾਂ ਜਾਕੇ ਦਰਸ਼ਨ ਕਰਨ ਦੇ। ਦਰਸ਼ਨਾਂ ਨੂੰ ਦਿਲ ਤਰਸਦਾ ਸੀ। ਕੀ ਪਤਾ ਕਦੋਂ ਆ ਲਗੇ। ਇਕ ਵਾਰ ਚਰਨ ਪਰਸਨ ਤੇ ਦਰਸ਼ਨ ਕਰਨ ਨੂੰ ਮਨ ਤਾਂਘਦਾ ਸੀ।

ਘਰ ਲਿਆਕੇ ਮੰਜਾ ਵਿਛਾਕੇ ਹਜ਼ੂਰ ਨੂੰ ਬੈਠਾਇਆ। ਸਜਲ ਨੇਤਰਾਂ ਨਾਲ ਕਿੰਨਾ ਚਿਰ ਸਤਿਗੁਰੂ ਜੀ ਦੀਆਂ ਲੱਤਾਂ ਤੇ ਚਰਨ ਦਬਾਂਦਾ ਰਿਹਾ। ਕਹੇ : ਬਹੁਤ ਕਿਰਪਾ ਕੀਤੀ ਜੇ ਨਿਮਾਣੇ ਤੇ। ਅੱਜ ਹੀ ਕਿਸੇ ਸਿੰਘ ਤੋਂ ਪਤਾ ਲਗਾ ਕਿ ਆਪ ਜੀ ਦਿੱਲੀ ਹੀ ਹੋ। ਕੱਲ੍ਹ ਨੂੰ ਉਡੀਕਦਾ ਸਾਂ ਕਿ ਰਾਤੀਂ ਆਵੇ ਤਾਂ ਗੱਡੀ ਤੇ ਬੈਠ ਕੇ ਆਪ ਜੀ ਪਾਸ ਜਾਵਾਂ।

ਅਨੰਦ ਵਿਭੋਰ ਹੋਏ ਬੁਢੇ ਸਿਖ ਨੂੰ ਪਤਾ ਨਹੀਂ ਸੀ ਲਗਦਾ ਕਿ ਉਹ ਕੀ ਕਰੇ ਤੇ ਕੀ ਨਾ ਕਰੇ। ਸਤਿਗੁਰੂ ਜੀ ਨੇ ਸਾਰਾ ਹਾਲ ਚਾਲ ਜਾਣਿਆਂ। ਇਸ ਸਰਦਾਰ ਦੇ ਚਾਚਾ ਸ੍ਰ. ਲਛਮਣ ਸਿੰਘ ਆਹਲੂਵਾਲੀਆ ਬੜੇ ਧੱੜਲੇਦਾਰ ਆਦਮੀ ਸਨ। ਉਹਨਾਂ ਦਿਨਾਂ ਵਿਚ ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਸੂਲਾਂ ਦੀ ਸੇਜ ਸੀ ਤੇ ਇਹ ਪ੍ਰਧਾਨ ਸਨ। ਲੇਖਕ ਨਾਲ ਵੀ ਆਹਲੂਵਾਲੀਆ ਸਰਦਾਰ ਦਾ ਬਹੁਤ ਸਨੇਹ ਸੀ ਮੈਂ ਓਦੋਂ ਸ੍ਰੀ ਭੈਣੀ ਸਾਹਿਬ ਪੜ੍ਹਿਆ ਕਰਦਾ ਸਾਂ।

ਸ੍ਰ. ਸਰਵਣ ਸਿੰਘ ਪਹਿਲਾਂ ਠੇਕੇਦਾਰੀ ਕਰਦਾ ਰਿਹਾ ਹੈ। ਘਰ ਵਿਚ ਬੀਬੀਆਂ ਕਾਫੀ ਸਨ, ਨੂੰਹਾਂ ਜਾਂ ਧੀਆਂ ਹੋਣਗੀਆਂ। ਸਹਿਜੇ ਸਹਿਜੇ ਜੇਬ ਟਟੋਲ ਕੇ ੫੦/- ਦਾ ਨੋਟ ਕਢਿਆ ਫਿਰ ਅਦਬ ਨਾਲ ਮਥਾ ਟੇਕਿਆ। ਸਤਿਗੁਰੂ ਜੀ ਨੇ 'ਗਰੰਥ ਗੜ੍ਹ' ਪਿੰਡ ਦਾ ਇਹ ਨਾਮ ਰਖੇ ਜਾਣ ਦਾ ਕਾਰਨ ਪੁਛਿਆ।

ਕਹਿਓ ਸ੍ਰ ਸਾਡੇ ਵਡੇਰੇ ਗਰੰਥ ਸਾਹਿਬ ਦੀ ਇਕ ਛੋਟੀ ਲਿਖਤੀ ਬੀੜ ਹਮੇਸ਼ਾ ਗਾਤਰੇ ਰਖਦੇ ਸਨ। ਮਹਾਰਾਜਾ ਰਣਜੀਤ ਸਿੰਘ ਅਜਨਾਲੇ (ਜ਼ਿ. ਅੰਮ੍ਰਿਤਸਰ) ਵਲ ਆਏ ਤਾਂ ਸਾਡੇ ਪਿੰਡ ਤੇ ਫੱਤੇ ਵਾਲ ਕੋਲੋਂ ਲੰਘਣ ਲਗੇ। ਸਾਡੇ ਬਜ਼ੁਰਗਾਂ ਗਰੰਥ ਸਾਹਿਬ ਪਰਕਾਸ਼ ਕਰਕੇ ਮਹਾਰਾਜਾ ਤੋਂ ਮੱਥਾ



Sri Satguru Jagjit Singh Ji Elibrary NamdhariElibrary@gmail.com

ਟਿਕਵਾਇਆ। ਪਹਿਲਾਂ ਸਾਡੇ ਪਿੰਡ ਦਾ ਨਾਂ ਕੁਝ ਹੋਰ ਸੀ। (ਨਾਮ ਤਾਂ ਸੁਣਿਆਂ ਸੀ ਪਰ ਲੇਖਕ ਨੂੰ ਯਾਦ ਨਹੀਂ ਰਿਹਾ) ਫਿਰ ਮਹਾਰਾਜਾ ਰਣਜੀਤ ਸਿੰਘ ਨੇ ਇਸਦਾ ਨਾਮ ਗਰੇਬਕੜੂ ਰੱਖਿਆ। ਵਡਿਆਂ ਨੇ ਅਰਜ਼ ਕੀਤੀ : ਜੀ, ਸਾਨੂੰ ਮੁਸਲਮਾਨ ਬਹੁਤ ਤੰਗ ਕਰਦੇ ਹਨ। ਆਲੇ ਦੁਆਲੇ ੫-੭ ਪਿੰਡ ਮੁਸਲਮਾਨਾਂ ਦੇ ਹਨ, ਉਹ ਚੈਨ ਨਾਲ ਬੈਠਣ ਨਹੀਂ ਦਿੰਦੇ। ਮਹਾਰਾਜ ਨੇ ੮-੧੦ ਸਿਪਾਹੀ ਇਸ ਇਲਾਕੇ ਵਿਚ ਰਖਣ ਦੀ ਆਗਿਆ ਕੀਤੀ ਤੇ ਨਾਲ ਆਏ ਸਿਪਾਹੀਆਂ ਵਿਚੋਂ ਏਥੇ ਹੀ ਛੱਡ ਦਿਤੇ। ਇਹਨਾਂ ਨੂੰ ਤਲਬ ਸਰਕਾਰੀ ਖਜ਼ਾਨਿਓਂ ਮਿਲਦੀ ਸੀ, ਰਾਖੀ ਇਹ ਸਾਡੀ ਕਰਦੇ ਸਨ। ਇਹਨਾਂ ਦੇ ਰਹਿਣ ਨਾਲ ਮਹਾਰਾਜੇ ਦਾ ਤਸੱਲਤ ਵੀ ਖ਼ੂਬ ਹੋ ਗਿਆ। ਜਦੋਂ ਸਾਡੇ ਵਡਾਰੂਆਂ ਨੇ ਸਮਝਿਆ ਕਿ ਹੁਣ ਮੁਸਲਮਾਨਾਂ ਤੋਂ ਕੋਈ ਖ਼ਤਰਾ ਨਹੀਂ, ਸਿਪਾਹੀ ਓਦੋਂ ਹੀ ਵਾਪਸ ਪਰਤੇ।

ਨਿਕੇ ਮੋਟੇ ਹੋਰ ਬਚਨ ਕਰਨ ਪਿਛੋਂ ਸਤਿਗੁਰੂ ਜੀ ਨੇ ਪੁਛਿਆ : ਕੋਈ ਸੇਵਾ ਮੇਰੇ ਯੋਗ ? ਜੇ ਲੋੜ ਪਏ ਤਾਂ ਆਖਣਾ, ਸੰਗਣਾ ਨਹੀਂ। ਬਿਰਧ ਸਿਖ ਜਿਸ ਦੀਆਂ ਅੱਖਾਂ ਪਰਲ ਪਰਲ ਵਗ ਰਹੀਆਂ ਸਨ, ਘਿਘਿਆ ਕੇ ਕਹਿਣ ਲਗਾ : ਸੱਚੇ ਪਾਤਸਾਹ ਕਾਸੇ ਦੀ ਕਮੀ ਨਹੀਂ ਦਰਸ਼ਨਾਂ ਦੀ ਲੋੜ ਸੀ, ਆਪ ਆ ਕੇ ਪੂਰੀ ਕਰ ਚਲੇ ਹੋ, ਅੱਜ ਮੇਰੇ ਜਿਹਾ ਕਿਹੜਾ ਹੈ !

ਜਦੋਂ ਸਤਿਗੁਰੂ ਜੀ ਉਠਕੇ ਜਾਣ ਲਗੇ ਤਾਂ ਵਿਦਾ ਕਰਨ ਲਈ ਨਾਲ ਉਹ ਵੀ ਤੁਰਿਆ ਤੇ ਘਰ ਵਿਚਲੀਆਂ ਬੀਬੀਆਂ ਵੀ। ਗੱਡੀ ਵਿਚ ਬੈਠ ਸੱਚੇ ਪਾਤਸ਼ਾਹ ਜੀ ਨੇ ਇਹਨਾਂ ਇਸਤਰੀਆਂ ਨੂੰ ਪੱਕੀ ਕੀਤੀ ਕਿ ਸਕੇਸ਼ ਸ਼ਨਾਨ ਕਰਿਆ ਕਰਨ। ਮਾਸ, ਅੰਡੇ ਦੇ ਨੇੜੇ ਨ ਜਾਣ ਤੇ ਭਜਨ ਬਾਣੀ ਕਰਿਆ ਕਰਨ।

ਮੈਨੂੰ ਆਗਿਆ ਹੋਈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਤਸਵੀਰ ਜੜਾ ਕੇ ਬਾਬਾ ਸਵਰਨ ਸਿੰਘ ਦੇ ਘਰ ਭਿਜਵਾ ਦਿਆਂ।

## ਸ਼ਾਂਤੀ ਪਰਿਸ਼ਦ ਵਿਚ

ਆਹਲੂਵਾਲੀਆਂ ਦੇ ਘਰੋਂ ਆਕੇ ਫਿਰ ਬੱਚਿਆਂ ਨੂੰ ਬੈਠਾ ਕੇ ਸ਼ਬਦ ਦੀ ਲੈਅ ਤਾਲ ਪਕਿਆਣ ਲਗੇ ਅਤੇ ਮੈਂ ਸ੍ਰੀ ਮਹਾਰਾਜ ਜੀ ਨਾਲ ੬ ੩੦ ਵਜੇ ਸ਼ਾਮੀ ਦਿੱਲੀ ਹਾਊਸ ਵਿਚ ਹੋ ਰਹੀ ਸ਼ਾਂਤੀ ਪਰਿਸ਼ਦ ਦੀ ਮੀਟਿੰਗ ਵਿਚ ਪੁੱਜਾ। ਏਥੇ ਵਿਸ਼ਵ ਸ਼ਾਂਤੀ ਪਰਿਸ਼ਦ (ਸੰਸਾਰ ਅਮਨ ਕੌਂਸਲ) ਦਾ ਜਨਰਲ ਸਕੱਤਰ ਸ਼੍ਰੀ ਰਮੇਸ਼ ਚੰਦਰ ਆਇਆ ਹੋਇਆ ਸੀ। ੩੫-੪੦ ਅਮਨ ਸੰਗਰਾਮੀਆਂ ਦੀ ਇਸ ਮੀਟਿੰਗ ਵਿਚ ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਉਚੇਚਿਆਂ ਭੇਜਿਆ ਸੀ ਤੇ ਮੈਨੂੰ ਵੀ ਉਨ੍ਹਾਂ ਦਾ ਸਾਥ ਕਰਨ ਲਈ ਆਦੇਸ਼ ਦਿਤਾ ਸੀ।

ਏਥੇ ਸ਼੍ਰੀ ਰਮੇਸ਼ ਚੰਦਰ ਨੇ ਸੰਸਾਰ ਸਥਿਤੀ ਉਤੇ ਚਾਨਣ ਪਾਇਆ। ਉਸਨੇ ਦੱਸਿਆ ਕਿ ਸ਼ਾਂਤੀ ਪਰਿਸ਼ਦਾਂ ਦਾ ਸਭ ਤੋਂ ਪਹਿਲਾਂ ਕੰਮ ਐਨ. ਬੰਬਾਂ ਦਾ ਬਣਨਾ, ਵੇਚਣਾ ਬੰਦ ਕਰਨ ਦੀ ਮੁਹਿੰਮ ਸ਼ੁਰੂ ਕਰਨ ਦਾ ਹੈ : ਦੂਜੇ, ਇੰਪੀਰੀਅ-ਲਿਜ਼ਮ ਵਿਕਾਸ ਸ਼ੀਲ ਦੇਸ਼ਾਂ ਅੰਦਰ ਦਾਖ਼ਲ ਹੋ ਰਿਹਾ ਹੈ ਤੇ ਉਸਨੇ ਕਈ ਸਾਰੇ ਦੇਸ਼ਾਂ ਵਿਚ ਆਪਣੀ ਪਾਲਿਸੀ ਲਾਗੂ ਕਰਵਾ ਲਈ ਹੈ। ਚੇਤੰਨ ਹੋਕੇ ਸਾਨੂੰ ਸ਼ਾਂਤੀ, ਸੋਸ਼ਲਿਜ਼ਮ ਅਤੇ ਜਮਹੂਰੀਅਤ ਲਈ ਘੋਲ ਕਰਨਾ ਚਾਹੀਦਾ ਹੈ।

## ੭ ਦਸੰਬਰ ੧੯੭੭ ਬੁੱਧਵਾਰ
## ਭੈਣੀ ਸਾਹਿਬ

ਮੈਂ ਦਿੱਲੀਓਂ ਸਵੇਰੇ ੯.੩੦ ਦਾ ਬੱਸ ਦੁਆਰਾ ਚਲਿਆ ੪ ਵਜੇ ਸ਼ਾਮ ਤਕ ਭੈਣੀ ਸਾਹਿਬ ਪਹੁੰਚ ਗਿਆ। ਸਤਿਗੁਰੂ ਜੀ ਰਾਤ ਤਕ ਨਹੀਂ ਆਏ। ਮਾਂਵਾਂਡੇਰ ਰਾਹੀਂ ਮਾਤਾ ਚੰਦ ਕੌਰ ਜੀ ਤੇ ਉਨ੍ਹਾਂ ਨਾਲ ਸੰਤ ਮਹਿੰਦਰ ਸਿੰਘ ਪੂਰਵਾ, ਸੰਤ ਗੁਲਜ਼ਾਰ ਸਿੰਘ, ਸਕੱਤਰ ਸੰਤ ਹਰਸੇਮ ਸਿੰਘ ਤੇ ਉਹਦੀ ਪਤਨੀ ਆਦਿ ਪਹੁੰਚੇ। ਮਾਤਾ ਜੀ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਸਵੇਰੇ ਹੀ ਦਰਸ਼ਨ ਦੇ ਸਕਣਗੇ।

## ਕੋਈ ਸਖ਼ੀ ਨਹੀਂ

ਮੈਂ ਭਾਈ ਨਿਹਾਲ ਸਿੰਘ ਤਬਲਾਵਾਦਕ ਨੂੰ ਜੋ ਇਸ ਵੇਲੇ ਜ਼ਿੰਦਗੀ ਦੇ ੮ ਦਹਾਕਿਆਂ ਦੇ ਕਰੀਬ ਮਾਣ ਚੁਕਾ ਹੈ ਉਹ ਆਪਣੇ ਫਰਣ-ਫਕਾਣ ਦੇ ਪ੍ਰਬੰਧ ਵਿਚ ਲਗਾ ਹੋਇਆ ਸੀ। ਮੇਰੇ ਕੁਝ ਪੁੱਛਣ ਦੱਸਣ ਬਿਨਾ ਹੀ ਉਹ ਜਿਵੇਂ ਨਦੀ ਵਾਂਗ ਵਹਿ ਤੁਰਿਆ : ਸਤਿਗੁਰੂ ਜਗਜੀਤ ਸਿੰਘ ਜੀ ਵਰਗਾ ਕੋਈ ਸਖੀ ਨਹੀਂ ਡਿਠਾ। ਇਕ ਪਾਸਿਓਂ ਪੈਸੇ ਤੁਰੇ ਆਉਂਦੇ ਨੇ ਦੂਜੇ ਪਾਸਿਓਂ ਤੁਰੇ ਜਾਂਦੇ ਨੇ। ਆਪ ਵਿਚ, ਵਹਿੰਦੇ ਪਾਣੀ ਵਿਚ ਬੇੜੀ ਵਾਂਗ ਵਿਚਰਦੇ ਰਹਿੰਦੇ ਨੇ। ਮੈਂ ਭਾਵੇਂ ਆਪਣੀ ਰਿਹਾਇਸ਼ ਤੇ ਰੋਟੀ ਤੋਂ ਇਲਾਵਾ, ਏਸ ਉਮਰੇ ਵੀ ੩੦੦/— ਮਹੀਨਾ ਪ੍ਰਾਪਤ ਕਰਦਾ ਹਾਂ ਪਰ ਜਦੋਂ ਵੀ ਲੋੜ ਸਮਝ ਕੇ ਹੋਰ ਪੈਸੇ ਮੰਗੇ ਨੇ ਜਿਵੇਂ ਪਿਛਲੇ ਸਮੇਂ ਵਿਚ ਹੀ ਇਕ ਵਾਰ ੨੦੦/— ਇਕ ਵਾਰ ੧੦੦/— ਫਿਰ ਇਕ ਵਾਰ ੫੦/— ਮਿਲ ਗਏ ਨੇ ਪਰ ਕਦੇ ਉਨ੍ਹਾਂ ਜਿਤਾਇਆ ਨਹੀਂ



Sri Satguru Jagjit Singh Ji Elibrary NamdhariElibrary@gmail.com

ਕਿ ਤੂੰ ਤਨਖਾਹ ਵੀ ਲੈਂਦਾ ਹੈਂ ਜਾਂ ਪੈਸੇ ਪਹਿਲਾਂ ਵੀ ਲਏ ਸੀ।

ਮੈਨੂੰ ਯਾਦ ਆਇਆ ਇਕ ਦਿਨ ਸੰਤ ਮਹਿੰਦਰ ਸਿੰਘ ਪੂਰਵਾ ਨੇ ਦੱਸਿਆ ਸੀ ਕਿ ਇਕ ਲੋੜਵੰਦ ਸਾਹਿਤਕਾਰ ਲਈ ੧੫੦੦/— ਦੇਣ ਦਾ ਹੁਕਮ ਹੋਇਆ ਜੁ ਪੂਰਾ ਕੀਤਾ ਗਿਆ, ੫੦੦/— ਫੇਰ ਘੱਲਿਆ ਗਿਆ।

ਗੱਲ ਸਤਿਗੁਰੂ ਜੀ ਨੇ ਸੰਤ ਹਜ਼ਾਰਾ ਸਿੰਘ ਮਾਛੀ ਨਾਲ ਗੱਲਬਾਤ ਕਰਦਿਆਂ ਆਪਣੀ ਰੀਝ ਦੱਸੀ ਸੀ: ਮੇਰਾ ਜੀ ਕਰਦਾ ਏ, ਜਿਨ੍ਹਾਂ ਨੇ ਕਦੇ ਜਵਾਨੀ ਵੇਲੇ ਭੈਣੀ ਸਾਹਿਬ ਸੇਵਾ ਕੀਤੀ ਹੈ ਉਹ ਹੁਣ ਬੁਢਾਪੇ ਵਿਚ ਰੁਲਣ ਨਾ, ਮੁੜ ਭੈਣੀ ਸਾਹਿਬ ਆ ਜਾਣ, ਉਹਨਾਂ ਦੀ ਸੇਵਾ ਹੁਣ ਅਸੀਂ ਕਰੀਏ। ਸੰਤ ਦੇਵਾ ਸਿੰਘ ਬਖਸ਼ੀ, ਸੰਤ ਲਾਭ ਸਿੰਘ ਫੱਤਾ, ਉਸਤਾਦ ਨੱਥਾ ਸਿੰਘ ਆਦਿਕ ਬਜ਼ੁਰਗਾਂ ਦੇ ਕੁਝ ਨਾਮ ਵੀ ਗਿਣੇ।

ਇਕ ਨਾਮਧਾਰੀ ਸਿਆਸੀ ਸੱਜਣ ਅਤੇ ਸ: ਗਣੇਸ਼ਾ ਸਿੰਘ ਪਖਰੂਨ ਦਾ ਟਾਕਰਾ ਕਰਦਿਆਂ ਸਤਿਗੁਰੂ ਜੀ ਨੇ ਬਚਨ ਕੀਤਾ ਸੀ: ਇਹ ਠੀਕ ਹੈ ਸਾਡਾ ਆਦਮੀ ਨਾਮਧਾਰੀ ਬਸਤਰ ਪਹਿਨਦਾ ਹੈ ਤੇ ਕਾਂਗਰਸ ਵਿਚ ਕੰਮ ਕਰਦਾ ਹੈ ਪਰ ਇਹ ਆਪ ਹੁਦਰੀ ਕਰ ਹੀ ਜਾਂਦਾ ਰਿਹਾ ਹੈ ਪਰ ਗਣੇਸ਼ਾ ਸਿੰਘ ਨੇ ਭਾਵੇਂ ਨਾਮਧਾਰੀਆਂ ਵਾਲੇ ਕਪੜੇ ਕਦੇ ਨਹੀਂ ਪਹਿਨੇ ਪਰ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਵਿਚ ਹੀ ਰਿਹਾ। ਔਖੇ ਵੇਲਿਆਂ ਵਿਚ ਆਊਟ ਡੋਰ ਅਫਸਰ ਕਰਕੇ ਵੀ ਸਾਡੇ ਲਈ ਹਮਾਇਤ ਹਾਸਲ ਕਰਦਾ ਰਿਹਾ, ਖਾਸ ਕਰ ਜਦੋਂ ਗੋਰੇ ਸਰਕਾਰ ਦੀ ਸਾਡੇ ਤੇ ਕਰੋਪੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਉਸੇ ਵੇਲੇ ਤੋਂ ਉਸ ਲਈ ਥੋੜ੍ਹੀ ਜਿਹੀ ਪੈਨਸ਼ਨ ਲਗਾ ਗਏ, ਜੁ ਉਸ ਦੀ ਜ਼ਿੰਦਗੀ ਭਰੀ ਚਲਦੀ ਰਹੇਗੀ। ਵਧ ਭਾਵੇਂ ਜਾਵੇ ਘਟੇਗੀ ਨਹੀਂ।

ਸਤਿਗੁਰਾਂ ਦੱਸਿਆ: ਇਕ ਵਾਰ ਮੈਂ ਪਖਰੂਨ ਲਈ ਗਰਮ ਸੂਟ ਸਿਵਾ ਕੇ ਦੇਣ ਲਗਾ ਕਿਸੇ ਨੇ ਕੋਲੋਂ ਭਾਨੀ ਮਾਰੀ ਉਹਦਾ ਤਾਂ ਏਦੂੰ ਘੱਟ ਨਾਲ ਵੀ ਸਰ ਜਾਵੇਗਾ, ਏਨਾ ਵਧੀਆ ਕਪੜਾ ਉਸ ਲਈ ਕਾਹਨੂੰ ਵਰਤਣਾ ਹੈ। ਮੈਨੂੰ ਕਹਿਣਾ ਪਿਆ: ਮੈਂ ਕਿਸੇ ਨੂੰ ਘਟੀਆ ਚੀਜ਼ ਦੇ ਕੇ ਖੁਸ਼ ਨਹੀਂ। ਮੇਰੇ ਵਲੋਂ ਜੋ ਮਿਲੇ ਉਹ ਲੋੜਵੰਦ ਦੀ ਆਸ ਨਾਲੋਂ ੪-੫ ਗੁਣਾਂ ਤਾਂ, ਘੱਟ ਘੱਟ ਉੱਚਾ ਹੋਵੇ।

### ਵਹਿਮੀ ਪਰਿਵਾਰ ਦੀ ਗੱਲ

ਮੈਂ ਏਥੇ ਅੱਜ ਸੰਤ ਤਾਰਾ ਸਿੰਘ ਵਹਿਮੀ, ਬੂਚੀ ਮਾੜੀ ਵਾਲਿਆਂ ਦੇ ਸਪੁਤਰਾਂ ਤੇ ਪੋਤਰੇ ਨੂੰ ਮਿਲਣ ਆਇਆ ਹਾਂ। ਇਹ ਚਾਰੇ ਬਾਲੀ ਸਿੰਘ, ਗੁਰਦੇਵ ਸਿੰਘ, ਗੁਰਮੁਖ ਸਿੰਘ ਤੇ ਪੋਤਰਾ ਗੁਰਬਖਸ਼ ਸਿੰਘ ਦੋ ਸਾਲ ਇਕ ਕਤਲ ਕੇਸ ਵਿਚ ਜੇਲ੍ਹਬੰਦ ਹਨ। ਬੀਤੇ ਨਵੰਬਰ ਦੀ ੩੦ ਤਾਰੀਖ ਨੂੰ ਸਰਸੇ ਵਿਖੇ ਜੱਜ ਨੇ ਇਹਨਾਂ ਨੂੰ ਰਿਹਾ ਕਰ ਦਿੱਤਾ। ਇਹ ਏਥੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ ਹਨ। ਮੇਰੇ ਮਿੱਤਰ ਦੇ ਪੁੱਤਰ ਹਨ ਏਸ ਕਰਕੇ ਵੀ ਅਤੇ ਇਸ ਕਾਰਣ ਵੀ ਕਿ ਮੇਰੇ ਪੁੱਤਰ ਮਨਧੀਰ ਸਿੰਘ ਦੇ ਮਿੱਤਰ ਹਨ, ਸਤਿਗੁਰੂ ਜੀ ਦੇ ਸੁਝਾਏ ਅਨੁਸਾਰ ਮਿਲਣ ਲਈ ਆਇਆ ਹਾਂ। ਮਿਲ ਕੇ ਬੜੀ ਪ੍ਰਸੰਨਤਾ ਹੋਈ।

ਇਹ ਸਾਰੇ ਜੇਲ੍ਹ 'ਚੋਂ ਸਿਆਣਪ ਲੈ ਕੇ ਆਏ ਹਨ। ਇਹਨਾਂ ਦੇ ਪਿਤਾਮਾ ਸੰਤ ਵਹਿਮੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੀਵਨ 'ਜਸ ਜੀਵਨ' ਲਿਖ ਕੇ ਤੇ ਛਾਪ ਕੇ ਨਾਮਧਾਰੀਆਂ ਉੱਤੇ ਬੜਾ ਉਪਕਾਰ ਕੀਤਾ ਹੈ। ਇਸ ਪੁਸਤਕ ਵਿਚ ਕਈਆਂ ਦੇ ਵੰਸ਼ਾ ਦੇ ਬੰਸ ਲਿਖੇ ਹੋਏ ਹਨ ਤੇ ਸਤਿਗੁਰੂ ਜੀ ਦੇ ਜੀਵਨ ਤੇ ਖੁਲ੍ਹੀ ਝਾਤੀ ਪੈਂਦੀ ਹੈ। ਹੋ ਸਕਦਾ ਹੈ ਕੋਈ ਤੱਥ ਗਲਤ ਜਾਂ ਅਧੂਰੇ ਲਿਖੇ ਗਏ ਹੋਣ ਪਰ ਸਮੁੱਚਾ ਜਤਨ ਆਉਣ ਵਾਲੀਆਂ ਪੀੜ੍ਹੀਆਂ ਦੀ ਮਦਦ ਕਰੇਗਾ।

### ਭੈਣੀ ਸਾਹਿਬ

ਰਾਤ ਦੇ ਗੂਹੜਿਆਂ ਹੋਣ ਤਕ ਦੋ ਜੋੜਿਆਂ ਦੇ ਕਾਰਜਾਂ ਲਈ ਉਹਨਾਂ ਦੇ ਪਰਿਵਾਰ ਆ ਗਏ। ਦਿੱਲੀ, ਔਰੰਗਾਬਾਦ ਤੇ ਰਤੀਏ ਆਦਿ ਸ਼ਹਿਰਾਂ ਦੇ ਹਨ। ਲੜਕੇ ਅਤੇ ਲੜਕੀ ਵਾਲੇ ੫-੫, ੭-੭ ਸਰੀਰ ਹਨ। ਇਹਨਾਂ ਨੂੰ ਰਾਤ ਨਿਵਾਸ ਲਈ ਮਾਤਾ ਚੰਦ ਕੌਰ ਜੀ ਅਤੇ ਬੇਬੇ ਦਲੀਪ ਕੌਰ ਜੀ ਨੇ ਡੇਰਿਆਂ ਦਾ ਪ੍ਰਬੰਧ ਕਰਕੇ ਦਿੱਤਾ ਤੇ ਬੱਚਿਆਂ ਬੁਢਿਆਂ ਲਈ ਦੁਧ ਵੀ ਮੁਹੱਈਆ ਕੀਤਾ, ਲੰਗਰ ਤਾਂ ਹਰ ਕਿਸੇ ਲਈ ਹਰ ਵੇਲੇ ਤਿਆਰ ਰਹਿੰਦਾ ਹੀ ਹੈ।

ਮੈਨੂੰ ਬੇਬੇ ਦਲੀਪ ਕੌਰ ਜੀ ਨੇ ਵਿਸ਼ੇਸ਼ ਧਿਆਨ ਦਿੱਤਾ। ਸਵੇਰੇ ਵੀ ਪ੍ਰਸ਼ਾਦ-ਦੁਧ ਆਦਿ ਲਈ ਪੁਛਿਆ ਪਰ ਰਾਤੀਂ ਤਾਂ ਆਪ ਖੇਚਲ ਕਰਕੇ ਹਰੇਕ ਚੀਜ਼ ਹਥੀਂ ਥਾਲ ਵਿਚ ਪਾ-ਸਜਾ ਕੇ ਖੁਆਈ।

ਅੱਜ ਕੱਲ ਬਾਹਰੋਂ ਆਇਆਂ ਲਈ ਆਓ ਭਗਤ ਕਰਨ ਵਾਲਾ ਸੰਤ ਅਜੀਤ ਸਿੰਘ ੬-੭ ਦਿਨਾਂ ਤੋਂ ਜਲੰਧਰ



Sri Satguru Jagjit Singh Ji Elibrary NamdhariElibrary@gmail.com

ਰਿਸ਼ਤੇ ਵਿਚ ਆਪਣੇ ਪਿੰਡ ਗਿਆ ਹੋਇਆ ਹੈ। ਉਸ ਦੀ ਥਾਂ ਮਹੰਤ ਅਪਾਰ ਸਿੰਘ ਜੋ ਕੁਝ ਸਮੇਂ ਤੋਂ ਬੈਂਗਲੋਰ ਫਾਰਮੋਂ ਆਇਆ ਹੋਇਆ ਹੈ, ਲਗਾਇਆ ਗਿਆ ਹੈ।

ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਉੱਤੇ ਦੋਹਾਂ ਪਾਸਿਆਂ ਦੇ ਸਿੱਧੇ ਗਾਰਡਰ ਪੈ ਚੁਕੇ ਹਨ। ਪਹਿਲੇ ਪ੍ਰਸਿੱਧ ਨਾਮਧਾਰੀ ਕਵੀਸ਼ਰੀ ਜਥੇ ਦੇ ਮੁਖੀ ਅਤੇ ਮਾਲਵੇ ਦੇ ਸੂਬਾ ਬਹਾਲ ਸਿੰਘ ਹੁਰੀਂ ਆਏ ਗਏ ਨੂੰ ਨਾਲ ਲੈ ਕੇ ਲੋਹੇ ਦਾ ਕਰਨ ਵਾਲਾ ਕੰਮ ਨੇਪਰੇ ਚੜ੍ਹਾ ਰਹੇ ਹਨ। ਬਿਲਡਿੰਗ ਦਾ ਢਾਂਚਾ ਤਾਂ ਹੁਣ ਖਲੋ ਹੀ ਗਿਆ ਹੈ। ਛੱਤ ਦਾ ਮਸਲਾ ਹਲ ਕਰਨ ਲਈ ਇਸ ਦਾ ਮੁਖ ਆਰਕੀਟੈਕਟ ਦਿੱਲੀ ਆ ਗਿਆ ਹੈ।

## ੯ ਦਸੰਬਰ ੧੯੭੭ ਵੀਰਵਾਰ
## ਸ੍ਰੀ ਭੈਣੀ ਸਾਹਿਬ

### ਇੰਤਜ਼ਾਰ

ਆਸਾ ਦੀ ਵਾਰ ਦਾ ਕੀਰਤਨ ਕਾਕਾ ਬਲਜੀਤ ਸਿੰਘ ਖਾਪੜ ਖੇੜੀ ਅਤੇ ਸੰਤ ਦਰਸ਼ਨ ਸਿੰਘ ਰਾਗੀ ਦੇ ਸਪੁਤਰ ਹਰਬੰਸ ਸਿੰਘ ਘੁੱਲੇ ਨੇ ਕੀਤਾ। ਸਤਿਗੁਰੂ ਜੀ ਵਾਰ ਦੀ ਸਮਾਪਤੀ ਤੱਕ ਨਹੀਂ ਆਏ। ਉਪਰੰਤ ਦੋ ਆਨੰਦ ਕਾਰਜ ਹੋਏ। ਜੋੜੇ ਹੇਠ ਲਿਖੇ ਅਨੁਸਾਰ :

(੧) ਸ੍ਰੀ ਗੁਰਦੇਵ ਸਿੰਘ ਸਪੁਤਰ ਵਰਿਆਮ ਸਿੰਘ, ਬਾਜਵਾ ਇੰਜ: ਵਰਕਸ ਪਾਨੀਪਤ, ਹਰਿਆਣਾ ਬੀਬੀ ਬਲਬੀਰ ਕੌਰ ਸਪੁਤਰੀ ਸ੍ਰੀ ਹਜ਼ਾਰਾ ਸਿੰਘ, ਰਤੀਆ, ਹਰਿਆਣਾ।

(੨) ਸ੍ਰੀ ਗੁਰਬਖ਼ਸ਼ ਸਿੰਘ ਸਪੁਤਰ ਸੰਤ ਚੈਨਣ ਸਿੰਘ, ਐਲਨਾਬਾਦ, ਸਰਸਾ

ਬੀਬੀ ਅਮਰਜੀਤ ਕੌਰ ਸਪੁਤਰੀ ਸੰਤ ਤਾਰਾ ਸਿੰਘ, ਤ੍ਰੀ ਨਗਰ, ਦਿੱਲੀ।

ਸ੍ਰੀ ਸਤਿਗੁਰੂ ਜੀ ਬਿਨਾਂ, ਭਾਵੇਂ ਤੀਰਥ ਤਾਂ ਹੁੰਦਾ ਹੀ ਹੈ, ਪਰ ਇਸ ਵਿਚ ਸੈਂਕੜੇ ਲੱਕਾਂ ਦੇ ਹੁੰਦਿਆਂ ਵੀ ਕੋਈ ਸਰਗਰਮੀ ਤੇ ਉਮਾਹ-ਉਤਸਾਹ ਨਹੀਂ ਹੁੰਦਾ। ਸੁੰਨ-ਸੁੰਨ ਤੇ ਖੁਸ਼ਕੀ ਜਿਹੀ ਪ੍ਰਤੀਤ ਹੁੰਦੀ ਹੈ। ਪਰੰਤੂ ਜਦੋਂ ਸਤਿਗੁਰੂ ਜੀ ਏਥੇ ਹੋਣ ਤਾਂ ਇਕ ਸੁਆਦ ਜਿਹਾ, ਭਰੋਸਾ ਜਿਹਾ ਮਨਾਂ ਉਤੇ ਅਸਰ ਅੰਦਾਜ਼ ਰਹਿੰਦਾ ਹੈ। ਕੰਮ ਤਾਂ ਅੱਜ ਵੀ ਸਾਰੇ ਨੇਮ ਅਨੁਸਾਰ ਹੀ ਹੋ ਰਹੇ ਹਨ ਪਰ ਜਿਵੇਂ ਵਿਚ ਪ੍ਰਾਣ ਨਹੀਂ ਹੁੰਦੇ।

### ਆਮਦ

ਲਓ, ਸਤਿਗੁਰੂ ਜੀ ਆ ਹੀ ਗਏ (੧੦.੪੫ ਵਜੇ)। ਦੋ ਕਾਰਾਂ ਹਨ। ਮੈਂ ਤਰਨ ਸਿੰਘ ਵਹਿਮੀ ਪਰਵਾਰ ਨਾਲ, ਸਤਿਗੁਰੂ ਜੀ ਦੇ ਡੇਰੇ, ਵਰਨੀਆਂ ਵਾਲੇ ਬੁੰਗੇ, ਛੱਤ ਉਤੇ ਬੈਠਾ ਗੱਲਾਂ ਬਾਤਾਂ ਵਿਚ ਰੁਝਾ ਸਾਂ ਕਿ ਦੂਰੋਂ ਸੜਕ ਤੇ ਆਉਂਦੀਆਂ ਕਾਰਾਂ ਵੇਖ ਕੇ ਸਭ ਨੂੰ ਚਾਅ ਚੜ੍ਹ ਗਏ। ਅਸੀਂ ਵੀ ਝੱਟ ਪਟ ਸੁਆਗਤ ਸਤਿਕਾਰ ਲਈ ਉਤਰੇ ਪਰ ਸਾਡੇ ਜਾਂਦਿਆਂ ਨੂੰ ਸਤਿਗੁਰੂ ਜੀ ਪਾਸ ਬਹੁਤ ਸਾਰੀ ਸੰਗਤ ਜੁੜ ਗਈ।

ਸਾਰਾ ਇਲਾਕਾ ਬੁਹਾਰਿਆ ਹੋਇਆ ਹੈ। ਬੇਬੇ ਦਲੀਪ ਕੌਰ ਜੀ ਵੀ ਬੁਹਾਰਨ ਵਾਲਿਆਂ ਵਿਚੋਂ ਸਨ। ਲਗਦਾ ਹੈ ਜਿਵੇਂ ਭੈਣੀ ਸਾਹਿਬ ਦੀ ਧਰਤੀ ਦਾ ਕਣ ਕਣ ਉਡੀਕ ਰੂਪ ਬਣਿਆ ਪਿਆ ਸੀ।

ਜਾਂ ਸਤਿਗੁਰੂ ਜੀ ਨੂੰ ਜਾ ਕੇ ਚਰਨੀਂ ਸਿਰ ਝੁਕਾਇਆ ਤੇ ਉਪਰ ਉਠਕੇ ਵੇਖਿਆ ਤਾਂ ਆਪ ਜੀ ਨਾਲ ਬੀਬਾ ਜੀ, ਬੀਬੀ ਨਰਿੰਦਰ ਅਤੇ ਸੰਤ ਕਿਰਪਾਲ ਸਿੰਘ ਭੱਖਰ ਵੀ ਆਏ ਨਜ਼ਰ ਪਏ। ਦੂਜੀ ਗੱਡੀ ਸੰਤ ਲਛਮਣ ਸਿੰਘ ਫਗਵਾੜਾ ਦੀ ਹੈ ਜਿਸ ਵਿਚ ਉਸ ਤੋਂ ਛੁਟ ਅਫਰੀਕਾ ਦੇ ਬੜੇ ਸਾਊ ਸੂਬਾ ਦਰਸ਼ਨ ਸਿੰਘ, ਉਨ੍ਹਾਂ ਦੀ ਧਰਮਪਤਨੀ, ਲੜਕੀ ਅਤੇ ਬੱਚੇ ਸਮੇਤ ਨੂੰਹ ਵੀ ਹਨ।

ਸਤਿਗੁਰੂ ਜੀ ਖੱਦਰ ਦੇ ਕੁਰਤਾ, ਪਜਾਮਾ ਤੇ ਦਸਤਾਰ ਨਾਲ ਸੁਸੱਜਿਤ ਹਨ, ਕਦੇ ਇਸ ਸਿਖ ਨਾਲ ਕਦੇ ਉਸ ਸਿੱਖ ਨਾਲ ਬਚਨ ਕਰ ਰਹੇ ਹਨ। ਜ਼ਿੰਮੇਵਾਰ ਸਿੱਖਾਂ ਨਾਲ ਜ਼ਰਾ ਵਖਰਿਆਂ ਹੋ ਕੇ ਗੱਲਬਾਤ ਕੀਤੀ ਜਾ ਰਹੀ ਹੈ। ਬੀਬੀਆਂ ਕੀ ਬਿਰਧ ਤੇ ਕੀ ਜੁਆਨ, ਸਭੇ ਹੀ ਸਤਿਗੁਰੂ ਸੂਰਜ ਵਲ ਮੁਖ ਕਰੀ ਇਕਟਕ ਉਨ੍ਹਾਂ ਨੂੰ ਨਿਹਾਰ ਰਹੀਆਂ ਹਨ।

### 'ਪਹਿਰਾ' ਲਗ ਗਿਆ ?

ਏਨੇ ਵਿਚ ਇਕ ਮਾਈ ਦਾ ਪੁੱਤਰ ਡਾ: ਤ੍ਰਿਲੋਕ ਸਿੰਘ ਦੇ ਕਮਰੇ ਮੂਹਰੇ ਦੜੋਂ ਕਰਕੇ ਜਾ ਪਿਆ ਹੈ। ਜੁਆਨ ਮੁੰਡਾ ਧਰਤੀ ਤੇ ਗੇਲੀ ਵਾਂਗ ਬੇਸੁਰਤ ਡਿੱਗਾ ਹੋਇਆ ਪਿਆ ਹੈ। ਉਸਦੀ ਮਾਤਾ ਘਬਰਾਈ ਹੋਈ ਪਾਸ ਜਾ ਬੈਠੀ ਤੇ ਅਵਾਜ਼ਾਂ ਮਾਰਨ ਲਗੀ : ਸੱਚੇ ਪਾਤਸ਼ਾਹ, ਏਧਰ ਆਓ। ਦੀਨ ਦਿਆਲ ਜੀ, ਇਹਨੂੰ ਦਰਸ਼ਨ ਦਿਓ। ਇਸ ਨੂੰ 'ਪਹਿਰਾ' ਲਗ ਗਿਆ ਹੈ।

ਸਤਿਗੁਰੂ ਜੀ ਧੀਰਜ ਦਿੰਦਿਆਂ ਉਧਰ ਵਧਦੇ ਹਨ।



Sri Satguru Jagjit Singh Ji Elibrary NamdhariElibrary@gmail.com

ਬੱਚੇ ਨੂੰ ਉੱਕਾ ਹੀ ਹੋਸ਼ ਨਹੀਂ। ਸਤਿਗੁਰਾਂ ਮਾਂ ਨੂੰ ਪੁਛਿਆ : ਅਗੇ ਵੀ ਕਦੇ ਇੰਜ ਹੋਇਆ ਹੈ ?

"ਨਹੀਂ ਸੱਚੇ ਪਾਤਸ਼ਾਹ, ਅੱਜ ਹੀ ਕੁਝ ਵਾਪਰ ਗਿਆ ਹੈ।" ਸਤਿਗੁਰੂ ਜੀ ਧੀਰਜ ਰਖਣ ਲਈ, ਅਤੇ ਡਾਕਟਰ ਤ੍ਰਿਲੋਕ ਸਿੰਘ ਨੂੰ ਵਖਾਣ ਲਈ ਆਗਿਆ ਕੀਤੀ। ਥੋੜੀ ਕੁ ਘੁੱਟ ਨੱਪ ਕਰਨ ਉਪਰੰਤ ਬੱਚੇ ਨੇ ਅੱਖਾਂ ਖੋਲ੍ਹ ਲਈਆਂ। ਸੁਰਤ ਵਿਚ ਆ ਗਿਆ।

### ਖਿਮਾ ਤਾਂ ਮਿਲੇਗੀ

ਏਥੇ ਚੋਗ਼ਾਨ ਵਿਚ ਖਲੋਤਿਆਂ ਹੀ, ਸਰਦਾਰ ਅਪਾਰ ਸਿੰਘ ਬੀੜ ਵਾਲੇ ਤੇ ਸਵਰਨ ਸਿੰਘ ਡੇਰੇ ਦੇ ਪ੍ਰਬੰਧਕ ਨੇ ਬੀੜ ਵਾਲੇ ਦੋ ਸਰੀਰਾਂ ਨੂੰ ਪੇਸ਼ ਕਰਕੇ ਅਰਜ਼ ਕੀਤੀ : ਦੀਨ ਦਿਆਲ, ਹੁਣ ਇਹ ਪਿਛਲਾ ਗੁਨਾਹ ਮੰਨਦੇ ਹਨ ਜੀ, ਇਹਨਾਂ ਨੂੰ ਖਿਮਾ ਕਰ ਦਿਓ।

ਸਤਿਗੁਰਾਂ ਫ਼ਰਮਾਇਆ : ਮੇਰੀ ਖਿਮਾ ਤਾਂ ਹੋਵੇਗੀ, ਜੇ ਜਿਨ੍ਹਾਂ ਨਾਲ ਨਾਲ ਮਿਲਕੇ ਇਹਨਾਂ ਸਾਡੀ ਮੁਖਾਲਫ਼ਤ ਕੀਤੀ ਸੀ, ਉਹਨਾ ਦੇ ਵਿਰੁਧ ਵੀ ਓਨਾ ਹੀ ਹੋਣ। ਇਹਨਾਂ ਨੂੰ ਵੀ ਪਤਾ ਲਗੇ ਚੁੱਕੇ ਚੁਕਾਏ 'ਕਿਵੇਂ' ਭੈੜੇ ਪਾਸੇ ਤੁਰੀਦਾ ਹੈ, ਸਾਨੂੰ ਵੀ ਪਤਾ ਲਗੇ ਹੁਣ ਸਿੱਧੇ ਹੋਕੇ ਸਾਡੇ ਵਲ ਦੇ ਹੋਏ ਹਨ।

ਸਿੰਘਾਂ ਸ੍ਰੀ ਸਤਿਗੁਰੂ ਜੀ ਦਾ ਬਚਨ ਪਰਵਾਨ ਕੀਤਾ ਪਰ ਸਤਿਗੁਰੂ ਗੱਲ ਨੂੰ ਦਿਲਤਵਾ ਵਿਚ ਪਾ ਗਏ, ਉਹ ਚਾਹੁੰਦੇ ਸਨ ਥੋੜਾ ਕੁ ਹੋਰ ਮਹਿਸੂਸ ਕਰ ਲੈਣ।

### ਸ੍ਰ: ਗੁਰਚੇਨ ਸਿੰਘ

ਮੈਂ ਸੂਬਾ ਦਰਸ਼ਨ ਸਿੰਘ ਅਫਰੀਕਾ ਵਾਲਿਆਂ ਨੂੰ ਪੁਛਿਆ ਕਿ ਉਹਨਾ ਦੇ ਸਾਥੀ ਸਰਦਾਰ ਗੁਰਚੈਨ ਸਿੰਘ ਆਰਕੀਟੈਕਟ ਕਿਉਂ ਨਹੀਂ ਨਾਲ ਆਏ ? ਸੂਬਾ ਜੀ ਦੱਸਿਆ : ਗੁਰਚੈਨ ਸਿੰਘ ਹੁਰਾਂ ਨੂੰ ਥਕਾਵਟ ਕਾਰਨ ਬੁਖਾਰ ਹੋ ਗਿਆ ਹੈ। ਉਹ ਕਲ ਜਾਂ ਪਰਸੋਂ ਮਹਾਰਾਜ ਬੀਰ ਸਿੰਘ ਜੀ ਨਾਲ ਹੀ ਆਉਣਗੇ। ਉਪਰੋਕਤ ਦੋਵੇਂ ਦੋ ਕੁ ਹਫਤੇ ਏਧਰ ਰਹਿਣ ਦਾ ਪਰੋਗਰਾਮ ਬਣਾ ਕੇ ਆਏ ਹਨ।

ਗੁਰਚੈਨ ਸਿੰਘ ਤਾਂ ਏਨੇ ਦਿਨ ਭੈਣੀ ਸਾਹਿਬ ਰਹਿ ਕੇ ਹੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਦੀ ਉਸਾਰੀ ਵਲ ਧਿਆਨ ਦੇਣਗੇ। ਦੋਵੇਂ ਹੀ ਸਤਿਗੁਰੂ ਤੋਂ ਨਿਓਛਾਵਰ ਸਿਖ ਹਨ।

### ਕਾਰਨ ਦੇਰੀ ਦਾ

ਮੇਰੇ ਨਾਲ ਗਲਬਾਤ ਦੌਰਾਨ ਸਤਿਗੁਰੂ ਜੀ ਨੇ ਦਸਿਆ ਕਿ ਆਪ ਠਾਕੁਰ ਸ਼ਮਸ਼ੇਰ ਸਿੰਘ ਜੀ, ਦਿੱਲੀ ਵਿਖੇ, ਪਰਸੋਂ ਦੀ ਇੰਤਜ਼ਾਰ ਕਰ ਰਹੇ ਸਨ। ਉਹਨਾਂ ਸੋਮਵਾਰ ਤਕ ਹਰ ਹਾਲਤ ਵਿਚ ਪਹੁੰਚਣ ਦੀ ਗੱਲ ਕੀਤੀ ਸੀ ਪਰ ਵੀਰਵਾਰ ਵੀ ਸਵੇਰ ਤਕ ਨਹੀਂ ਪਹੁੰਚੇ, ਸੋ ਸਵੇਰੇ ੬ ਵਜੇ, ਹਾਰ ਕੇ, ਦਿੱਲੀਓਂ ਚਲੇ। ਠਾਕਰ ਜੀ ਚੰਬਈਓਂ ਆਉਣਾ ਸੀ। ਸੜਕ ਤੇ ਚੁੰਗੀ ਵਾਲੇ ਥਾਵਾਂ ਤੇ ਟਰੱਕਾਂ ਦੀਆਂ ਕਤਾਰਾਂ ਤੇ ਕਤਾਰਾਂ ਖੜੀਆਂ ਸਨ ਸੋ ੨੦-੨੫ ਕਿਲੋ ਮੀਟਰ ਦਾ ਕਿਧਰੋਂ ਵਲਾ ਮਾਰਕੇ ਫੇਰ ਮੁਖ ਸੜਕ ਫੜੀ। ਤਾਂ ਕਿਤੇ ਪੌਣੇ ਗਿਆਰਾਂ ਵਜੇ ਪਹੁੰਚ ਹੋਈ।

### ਮਾਤਾ ਚੰਦ ਕੌਰ ਜੀ

ਮਾਤਾ ਜੀ ਉੱਚੇ ਉੱਚੇ ਹਨ ਤੇ ਨਿੰਮ੍ਹਾਂ ਨਿੰਮ੍ਹਾਂ ਮੁਸਕਾਂਦੇ ਰਹਿੰਦੇ ਹਨ। ਸਤਿਗੁਰੂ ਜੀ ਦੀ ਆਗਿਆ ਅਨੁਸਾਰ ਮੈਂ ਆਪਣੇ ਛੋਟੇ ਲੜਕੇ ਸੁਖਬੀਰ ਸਿੰਘ ਲਈ ਇਕ ਸਪੈਸ਼ਲ ਕਪੜੇ ਦਾ ਸੂਟ ਲੈਣਾ ਸੀ ਮਾਤਾ ਜੀ ਦਾ ਪਤਾ ਕਰਨ



ਮਾਤਾ ਚੰਦ ਕੌਰ ਜੀ

ਚੜ੍ਹਿਆ। ਸੇਠਾਂ ਦੀ ਕੋਠੀ ਪਾਸ ਹੀ ਖੂਹੀ ਨਜ਼ੀਕ ਆਪ ਕਿਸੇ ਸਿਖ ਦੀ ਦਵਾਈ ਨਰੀਦ ਰਹੇ ਸਨ। ਏਥੇ ਹੋਰ ਵੀ ਬੀਬੀਆਂ ਕਪੜੇ ਕੱਟ ਕੇ ਸਿਉਂ ਰਹੀਆਂ ਸਨ। ੮ ੬ ਬਿਰਧ ਏਥੇ ਆਏ ਖਲੋਤੇ ਹਨ। ਮਾਤਾ ਜੀ ਨੇ ਉਹਨਾਂ ਨੂੰ ਆਖਿਆ : ਅੱਜ ਤੁਸੀਂ ਆਪਣੀ ਲੋੜ ਦੇ ਸਾਰੇ ਕੱਪੜੇ ਲਿਖਵਾ ਦਿਓ, ਸੌਣਾਂ ਅੱਜ ਤਾਂ ਹੈ ਜੇ ਪਹਿਲਾਂ ਤੁਹਾਡੀ ਜ਼ਰੂਰਤ ਪੂਰੀ ਕਰ ਲੈਣੀ ਹੈ। ਕੋਲ ਖਲੋਤੀ ਬੀਬੀ ਗੁਰਦੇਵ (ਸਪੁਤਰੀ ਉਸਤਾਦ ਨਥਾ ਸਿੰਘ ਮੋਜੂ ਖੇੜਾ) ਨੂੰ ਬਚਨ ਕੀਤਾ : ਤੂੰ ਲਿਖ ਲੈ, ਜੋ ਜੋ ਕਿਸੇ ਦੀ ਇੱਛਾ ਹੈ। ਜ਼ਬਾਨੀ ਸੁਣਿਆ ਗੱਲ ਭੁੱਲ ਜਾਂਦੀ ਹੈ।

ਮੇਰੇ ਵੇਖਦੇ ਵੇਖਦੇ ਪੰਜ ਬਿਰਧਾਂ ਨੂੰ ਰੇਸ਼ਮੀ ਚੱਦਰਾਂ



Sri Satguru Jagjit Singh Ji Elibrary NamdhariElibrary@gmail.com

ਦਿਤੀਆਂ। ਦੋ ਨੂੰ ਗਰਮ ਕੁਰਤੇ ਪਜਾਮੇ ਇਕ ਨੂੰ ਸੁੱਚੀ ਦਸਤਾਰ। ਇਕ ਸਿਰਫ ਰੇਸ਼ਮੀ ਰੁਮਾਲ ਦਾ ਚਾਹਵਾਨ ਸੀ ਡੇਰੇ ਵਿਚ ਬਿਰਧਾਂ ਅਤੇ ਸੇਵਾਦਾਰਾਂ ਤੇ ਉਹਨਾਂ ਦੇ ਪਰਵਾਰਾਂ ਦੀ ਲੀੜੇ ਕਪੜੇ ਆਦਿ ਦੀਆਂ ਜ਼ਰੂਰਤਾਂ ਵਲ ਮਾਤਾ ਜੀ ਹੀ ਧਿਆਨ ਦਿੰਦੇ ਹਨ।

ਸਤਿਗੁਰੂ ਜੀ, ਆਉਣ ਤੋਂ ਪੌਣੇ ਘੰਟੇ ਦੇ ਅੰਦਰ ਅੰਦਰ ਹੀ ਆਪਣੇ ਸਾਰੇ ਪਰਵਾਰ ਤੇ ਸੂਬਾ ਦਰਸ਼ਨ ਸਿੰਘ ਜੀ ਦੇ ਪਰਵਾਰ ਨਾਲ ਕਾਰਾਂ ਵਿਚ ਬੈਠ, ਲੰਗਰ ਪਾਣੀ ਦਾ ਸਾਮਾਨ ਨਾਲ ਲੈ ਰੋਪੜ ਵਾਲੀ ਨਹਿਰ ਤੇ ਚਲੇ ਗਏ।

**ਹੱਥ ਵਿਚ ਵਾਗਾਂ**

ਮੇਰੀ ਰੂਹ ਬਾਗ ਬਾਗ ਹੁੰਦੀ ਹੈ ਜਦੋਂ ਮੈਂ ਵੇਖਦਾ ਹਾਂ ਕਿ ਸਤਿਗੁਰੂ ਜੀ ਆਪਣੇ ਅਧਿਕਾਰਾਂ ਦੀ ਹਰ ਤਰ੍ਹਾਂ ਵਰਤੋਂ ਕਰਦੇ ਹਨ। ਲੱਖਾਂ ਆਉਂਦੇ ਤੇ ਲੱਖਾਂ ਹੀ ਖਰਚ ਹੋ ਜਾਂਦੇ ਹਨ ਪਰ ਸਤਿਗੁਰੂ ਜੀ ਨੇ ਕਦੇ ਪੈਸੇ ਨੂੰ ਹੱਥ ਲਾਕੇ ਨਹੀਂ ਡਿੱਠਾ। ਸੇਵਕਾਂ ਦੀ ਸੁਹਣੀ ਰਿਹਾਇਸ਼ ਵਧੀਆ ਪੁਸ਼ਾਕਾਂ, ਕੰਮਾਂ ਵਿਚ ਤੇਜ਼ੀ, ਸ੍ਰੀ ਭੈਣੀ ਸਾਹਿਬ ਦੀ ਉਸਾਰੀ, ਵਿਦੇਸ਼ਾਂ ਵਿਚ ਨਾਮਧਾਰੀ ਧਰਮਸਾਲਾਵਾਂ ਦੀ ਖਰੀਦ, ਸੰਗੀਤ ਖੇਡਾਂ ਆਦਿ ਤੇ ਖੁਲ੍ਹਾ ਖਰਚ, ਨਾਮਧਾਰੀ ਬੱਚਿਆਂ ਦੀ ਉਸਾਰੀ ਵਲ ਪਹੁੰਚ। ਕਿਸੇ ਗੱਲ ਵਿਚ ਵੀ ਪੈਸੇ ਦੀ ਥੁੜੋਂ ਦਾ ਅੜਿੱਕਾ ਨਹੀਂ। ਸਮਾਜ ਵਿਚ ਲੋੜਵੰਦਾਂ ਦੀ ਹਜ਼ਾਰਾਂ ਤੇ ਲੱਖਾਂ ਨਾਲ ਮਦਦ ਕੀਤੀ ਜਾਂਦੀ ਹੈ। ਸਤਿਗੁਰੂ ਜਿਧਰ ਨਜ਼ਰ ਕਰਦੇ ਹਨ ਮਿੱਟੀ ਚੋਂ ਸੋਨਾ ਉਠ-ਉਠ ਕੇ ਆਪਦੇ ਚਰਨੀਂ ਆ ਲਗਦਾ ਹੈ।

**੧ ਦਸੰਬਰ ੧੯੭੭ ਵੀਰਵਾਰ ਜਲੰਧਰ**

**ਜਗਦੀਸ਼ ਸਿੰਘ**



ਜਗਦੀਸ਼ ਸਿੰਘ

ਕੱਲ, ਰਾਤ ਤਕ ਮੈਂ ਜਲੰਧਰ ਪਹੁੰਚ ਗਿਆ। ਏਥੇ ਸ੍ਰੀ ਜਗਦੀਸ਼ ਸਿੰਘ ਸੰਪਾਦਕ "ਵਰਿਆਮ" ਨੂੰ ਮਿਲਣਾ ਸੀ। ਇਹ ਸ੍ਰੀ ਮਾਨ ਬਚਪਨ ਤੋਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰੇਮੀ ਹੈ। ਇਸ ਵਿਚ ਨਵਾਂ ਕੁਝ ਕਰਨ ਦੀ ਅਤੇ ਜਥੇਬੰਦਕ ਯੋਗਤਾ ਹੈ। ਬਚਪਨ ਅਤੇ ਜਵਾਨੀ ਦਾ ਕਾਫ਼ੀ ਅਰਸਾ ਇਸ ਕੰਮ ਵਿਚ ਗੁਜ਼ਾਰਿਆ ਹੈ। ਇਸ ਨੇ ਜਵਾਨਾਂ ਦੀ ਇਕ ਵਧੀਆ ਟੀਮ ਜੰਮੂ ਵਿਚ ਤਿਆਰ ਕੀਤੀ। ਸੰਗੀਤ-ਮਿਲਣੀਆਂ, ਪਰਬ-ਤਿਉਹਾਰ ਅਤੇ ਸਤਿਗੁਰੂ ਦਰਸ਼ਨਾਂ ਦਾ ਲਾਭ ਅਨੇਕ ਵਾਰ ਪ੍ਰਾਪਤ ਕੀਤਾ ਅਤੇ ਪਿਛਲੇ ੬-੭ ਸਾਲ ਤੋਂ ਇਸਨੇ ਜਲੰਧਰ ਵਿਚ ਆਕੇ "ਨਾਮਧਾਰੀ ਪ੍ਰਿੰਟਰਜ਼" ਨਾਮ ਦਾ ਲਾਡੋਵਾਲੀ ਰੋਡ ਤੇ ਫਲੋਰ ਮਿਲ ਦੇ ਨੇੜੇ ਪ੍ਰੈਸ ਸਥਾਪਤ ਕੀਤਾ ਹੈ। ਘਰ ਇਸ ਦਾ ਰਿਆਜ਼ ਪੁਰੇ, ਜਲੰਧਰ ਦੇ ਇਕ ਮਹੱਲੇ ਵਿਚ ਹੈ।

ਸੰਤ ਨੱਥਾ ਸਿੰਘ ਜਥੇਦਾਰ ਪਿਤਾ ਦਾ ਨਾਮ ਅਤੇ ਮਾਤਾ ਦਾ ਨਾਮ ਸਵਰਨ ਕੌਰ ਹੈ। ਨੱਥਾ ਸਿੰਘ ਜੀ ਕਿਰਤ ਵਿਰਤ ਕਰਦੇ ਦੀਵਾਨ ਵੀ ਲਗਾਉਂਦੇ ਰਹੇ ਹਨ। ਜ਼ਬਾਨ ਵਿਚ ਰਸ ਤੇ ਕੰਠ ਵਿਚ ਸਰਸਵਤੀ ਸੀ। ਜਗਦੀਸ਼ ਸਿੰਘ ਦੀ ਮਾਤਾ ਅਤੇ ਪਤਨੀ ਬੀਬੀ ਬਖਸ਼ੀਸ਼ ਕੌਰ ਘਰ ਆਈ ਸੰਗਤ ਦੀ ਉਦਾਰਤਾ ਤੇ ਪ੍ਰੇਮ ਭਰੀ ਸੇਵਾ ਕਰਦੀਆਂ ਹਨ, ਸੰਗੀਤ ਦਾ ਕੋਈ ਆਯੋਜਨ ਜਲੰਧਰ ਹੋਵੇ ਜਾਂ ਸਤਿਗੁਰੂ ਜੀ ਦੀ ਆਮਦ, ਵਾਕਫ਼ਾਂ ਨਾਵਾਕਫ਼ਾਂ ਦਾ ਹਾਰਦਿਕ ਸੁਆਗਤ ਹੁੰਦਾ ਹੈ, ਬੀਬੀ ਬਖਸ਼ੀਸ਼, ਬਿਜਨੌਰ ਸ਼ੂਗਰ ਫੈਕਟਰੀ ਵਿਚ ਕੰਮ ਕਰਦੇ ਸ: ਸੂਰਤ ਸਿੰਘ ਹੰਸਪਾਲ ਦੀ ਪੁੱਤਰੀ ਹੈ ਜਿਸ ਨੂੰ ਸੇਵਾ ਕਰਦਿਆਂ ਅੱਕ-ਥੱਕ ਨਹੀਂ। ਸ੍ਰੀ ਸਤਿਗੁਰੂ ਜੀ, ਮਾਤਾ ਜੀ, ਬੀਬਾ ਜੀ ਜਦੋਂ ਵੀ ਕਿਤੇ ਜਲੰਧਰ ਆਉਣ ਜਗਦੀਸ਼ ਸਿੰਘ ਨੂੰ ਮਿਲਣਾ, ਜਾਂ ਉਹਦੇ ਘਰ ਬੈਠਣਾ-ਉਠਣਾ ਕਦੇ ਭੁਲਦੇ ਨਹੀਂ।

ਜਗਦੀਸ਼ ਸਿੰਘ ਦਾ ਛੋਟਾ ਭਾਈ ਨਾਰਾਇਣ ਸਿੰਘ ਖੂਬਸੂਰਤ ਹੋਣ ਦੇ ਨਾਲ ਨਾਲ ਪ੍ਰਬੰਧਕ ਯੋਗਤਾ ਦਾ ਵੀ ਮਾਲਿਕ ਹੈ। ਅਜ ਕਲ ਟਰੇਡਰਜ਼ ਬੈਂਕ ਸ੍ਰੀ ਜੀਵਨ ਨਗਰ ਬਰਾਂਚ ਦਾ ਮੈਨੇਜਰ ਹੈ, ਇਸ ਬੈਂਕ ਦੀ ਏਥੇ ਪ੍ਰਗਤੀ ਵਿਚ ਇਸਦਾ ਭਰਪੂਰ ਯੋਗਦਾਨ ਹੈ।

ਜਗਦੀਸ਼ ਸਿੰਘ ਨੇ ਨਾਮਧਾਰੀ ਨੌਜੁਆਨਾਂ ਦੀ ਜਥੇ-ਬੰਦੀ 'ਨਾਮਧਾਰੀ ਵਿਦਿਅਕ ਜਥਾ' ਵਿਚ ਬੜਾ ਚਿਰ ਕੰਮ ਕੀਤਾ ਹੈ, ਕਦੇ ਸਕੱਤਰ ਰੂਪ ਵਿਚ ਕਦੇ ਐਗਜ਼ੈਕਟਿਵ ਮੈਂਬਰ ਬਣ ਕੇ, ਅਜ ਕਲ ਉਹ ਪਰਧਾਨ ਹੈ। ਇਸ ਨੇ ਸਤਿਗੁਰੂ ਜੀ ਦੀ ਇੱਛਾ ਨੂੰ ਰੂਪ ਮਾਨ ਕਰਦਿਆਂ ਜਲੰਧਰ ਵਿਚ ਇਕ ਸੰਗੀਤ ਵਿਦਿਆਲਾ ਦੀ ਸਥਾਪਨਾ ਦੀ ਜ਼ਿੰਮੇ-



Sri Satguru Jagjit Singh Ji Elibrary NamdhariElibrary@gmail.com

ਵਾਰੀ ਲਈ ਅਤੇ ਵੱਖ ਵੱਖ ਸ਼ੋਅਬੇ ਦੇ ਅਧਿਆਪਕਾਂ ਦਾ ਪ੍ਰਬੰਧ ਕਰਕੇ, ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਵਿਚ ਸੰਗੀਤ ਸਕੂਲ ਜਾਰੀ ਰਖਿਆ ਹੈ।

ਜਲੰਧਰ ਦੇ ਦੋ ਬੱਚੇ ਸੁਖਦੇਵ ਸਿੰਘ ਸਪੁੱਤਰ ਸੰਤ ਤੇਜਾ ਸਿੰਘ ਤੇ ਸੁਖਵਿੰਦਰ ਸਿੰਘ ਸਪੁੱਤਰ ਸੰਤ ਤਾਰਾ ਸਿੰਘ ਤਬਲਾ ਵਾਦਨ ਦੀ ਉੱਤਮ ਸਿਖਿਆ ਲਈ ਬਨਾਰਸ ਦੇ ਮਹਾਨ ਕਲਾਕਾਰ ਸ਼੍ਰੀ ਕਿਸ਼ਨ ਮਹਾਰਾਜ ਦੇ ਸ਼ਾਗਿਰਦ ਬਣਾ ਕੇ ਭੇਜੇ ਹਨ। ਸਤਿਗੁਰੂ ਜੀ ਦੀ ਇਹਨਾਂ ਬੱਚਿਆਂ ਪ੍ਰਤੀ ਮਹਾਨ ਕ੍ਰਿਪਾ ਹੈ। ਅਜਿਹੇ ਕੰਮਾਂ ਵਿਚ ਸ਼੍ਰੀ ਜਗਦੀਸ਼ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਹਾਇਕ ਹੈ।

ਇਸ ਤੋਂ ਬਿਨਾ, ਉਤਸ਼ਾਹੀ ਨੌਜੁਆਨ ਹੋਣ ਕਰਕੇ ਜਲੰਧਰ ਦੇ ਤਮਾਮ ਰੋਜ਼ਾਨਾ ਤੇ ਹਫਤਾਵਾਰੀ ਅਖਬਾਰਾਂ ਨਾਲ ਸੰਪਰਕ ਰਖਦਾ ਹੈ। ਸਮੇਂ ਸਮੇਂ ਨਾਮਧਾਰੀ ਫੰਕਸ਼ਨਾਂ ਦੀਆਂ ਖ਼ਬਰਾਂ ਦਿੰਦਾ ਦਿਵਾਂਦਾ ਰਹਿੰਦਾ ਹੈ।

ਪਿਛਲੇ ਦੋ ਸਾਲ ਤੋਂ ਮਾਸਕ ਪੱਤਰ "ਵਰਿਆਮ" ਜੋ ਨਾਮਧਾਰੀ ਸ਼ਹੀਦ ਵਰਿਆਮ ਸਿੰਘ ਦੇ ਨਾਮ ਤੇ ਜਾਰੀ ਕੀਤਾ ਗਿਆ ਹੈ, ਦੀ ਕੁਸ਼ਲਤਾ ਨਾਲ ਸੰਪਾਦਨਾ ਕਰਦਾ ਆ ਰਿਹਾ ਹੈ। ਇਸ ਵਾਰ ਦਸੰਬਰ ੭੭ ਤੇ ਜਨਵਰੀ ੭੮ ਦੇ ਪਰਚੇ ਨੂੰ ਜੁੜਵਾਂ ਕਰਕੇ ਸਤਿਗੁਰੂ ਜਗਜੀਤ ਸਿੰਘ ਅੰਕ ਤਿਆਰ ਕਰ ਰਿਹਾ ਹੈ। ਅਨੇਕਾਂ ਲੇਖਕਾਂ ਤੇ ਕਵੀਆਂ ਨੂੰ ਇਸ ਅੰਕ ਵਿਚ ਸਹਾਇਕ ਹੋਣ ਲਈ ਪ੍ਰੇਰ ਰਿਹਾ ਹੈ।

ਸਮੁਚੇ ਤੌਰ ਤੇ ਜਗਦੀਸ਼ ਸਿੰਘ ਉਪਜਾਊ ਦਿਮਾਗ ਦਾ ਮਾਲਕ ਹੈ। ਇਕ ਲੀਡਰ ਦੀ ਯੋਗਤਾ ਰਖਦਾ ਹੈ।

### 'ਨਵਾਂ ਜ਼ਮਾਨਾ' ਵਾਲੇ

ਜਲੰਧਰ ਦੇ ਪ੍ਰਸਿੱਧ ਪੰਜਾਬੀ ਰੋਜ਼ਾਨਾ ਅਖ਼ਬਾਰ 'ਨਵਾਂ ਜ਼ਮਾਨਾ' ਦੇ ਦਫ਼ਤਰ ਗਿਆ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਸ਼ੰਸਕ ਕਾਮਰੇਡ ਤੁਲਸੀ ਰਾਮ ਸਹਾਇਕ ਸਕੱਤਰ ਕਮਿਊਨਿਸਟ ਪਾਰਟੀ ਆਫ਼ ਇੰਡੀਆ, ਕਾਮਰੇਡ ਕ੍ਰਿਸ਼ਨ ਭਾਰਦਵਾਜ ਜਨਰਲ ਮੈਨੇਜਰ ਰੋਜ਼ਾਨਾ "ਨਵਾਂ ਜ਼ਮਾਨਾ" ਮਿਲੇ। ਕੁਛ ਮਿੰਟ ਸਤਿਗੁਰੂ ਜੀ ਬਾਰੇ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਇਨ੍ਹਾਂ ਦੋਹਾਂ ਕਾਮਰੇਡਾਂ ਤੇ "ਨਵਾਂ ਜ਼ਮਾਨਾ" ਦੇ ਮੁਖ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਨੂੰ ਸਤਿਗੁਰੂ ਜੀ ਨੇ ਆਪਣੀ ਯਾਦ ਵਿਚ ਸਮੋਇਆ ਹੋਇਆ ਹੈ ਤੇ ਮੇਰਾ ਏਧਰ ਆਉਣਾ ਜਾਣ ਕੇ ਸਤਿਗੁਰਾਂ ਨੇ ਯਾਦ ਕਰਨ-ਕਰਵਾਣ ਦੇ ਤੌਰ ਤੇ ਸਤਿ ਸ੍ਰੀ ਅਕਾਲ ਭੇਜੀ ਸੀ।

### ਤਰਸਦੀ ਬਿਰਧਾ

੪.੪੫ ਸ਼ਾਮੀਂ ਰਾਣੀ ਪੁਰ (ਫਗਵਾੜਾ ਨਜ਼ਦੀਕ) ਪਹੁੰਚਾ। ਏਥੇ ਬੀਬੀ ਵੀਰਾਂ ਨੂੰ ਮਿਲਣਾ ਸੀ। ਇਹ ਪਰਵਾਰ ਵੀ ਨਾਮਧਾਰੀਆਂ ਨਾਲ ਕਦੇ ਸਿੱਧਾ ਸੰਬੰਧਤ ਸੀ। ਇਸਦਾ ਭਰਾ ਕਾਮਰੇਡ ਅਰਜਨ ਸਿੰਘ ਮਸਤਾਨਾ, ਵਰਨਾਲਾ (ਅੰਮ੍ਰਿਤਸਰ) ਜਦੋਂ ਪੰਜਾਬ ਦਾ ਐਮ.ਐਲ.ਏ. ਸੀ ਓਦੋਂ ਨਾਮਧਾਰੀਆਂ ਬਾਰੇ, ਇਹਨਾਂ ਦਾ ਇਤਿਹਾਸ ਸੰਭਾਲਣ ਤੇ ਚੰਡੀਗੜ੍ਹ ਲਾਇਬਰੇਰੀ ਵਿਚ ਰਖਣ ਲਈ ਇਸ ਨੇ ਵਿਧਾਨ ਸਭਾ ਵਿਚ ਸੁਆਲ ਉਠਾਇਆ ਸੀ। ਇਸ ਵੀਰ-ਭੈਣ ਦੀ ਮਾਤਾ ਬੀਬੀ ਕਰਤਾਰ ਕੌਰ ਉਰਫ਼ ਤਾਰੋ ਸਪੁਤਰੀ ਸ੍ਰ: ਜਗਤ ਸਿੰਘ, ਜੋ ਕਿ ਸ੍ਰ: ਈਸ਼ਰ ਸਿੰਘ ਦੇ ਪੁਤਰ ਸਨ, ਠਾਕਰ ਜੀ ਮਹਾਵੇ ਵਾਲਿਆਂ ਦੇ ਵੱਡੇ ਭਾਈ ਸਨ। ਬੀਬੀ ਤਾਰੋ ਸੁਪਤਨੀ ਸ੍ਰ ਠਾਕਰ ਸਿੰਘ ਨੂੰ ਜਦੋਂ ਮੈਂ ਧੀ ਤੇ ਦੋਹਤਿਆਂ ਦੇ ਘਰ ਮਿਲਿਆ, ਬੀਬੀ ਕਹਿਣ ਲਗੀ: ਸਤਿਗੁਰਾਂ ਦੇ ਚਰਨਾਂ ਵਲ ਧਿਆਨ ਰਹਿੰਦਾ ਹੈ। ਗ੍ਰਿਸਤ ਦੇ ਚਿੱਕੜ ਵਿਚ ਪੂਰ ਪੂਰ ਖੁੱਭੇ ਹੋਏ ਹਾਂ ਦਰਸ਼ਨਾ ਲਈ ਨਿਕਲਿਆ ਨਹੀਂ ਜਾਂਦਾ। ਸਰੀਰ ਬਿਰਧ ਹੋ ਗਿਆ ਹੈ। ਧੀ ਮੇਰੀ (ਵੀਰਾਂ) ਕਮਿਊਨਿਸਟ ਵਰਕਰ ਹੋਣ ਕਰਕੇ ਨਿੱਤ ਰੁਝੀ ਰਹਿੰਦੀ ਹੈ। ਨਿੱਕੀਆਂ ਨਿੱਕੀਆਂ ਤਰੇ ਦੋਹਤੀਆਂ ਮੇਰੇ ਧਿਆਨ ਵਿਚ ਪਲਦੀਆਂ ਹਨ। ਸਤਿਗੁਰਾਂ ਦੇ ਦਰਸ਼ਨ ਕਦੋਂ ਤੇ ਕਿਵੇਂ ਕਰੀਏ? ਅਗੇ ਇਕ ਵਾਰ ਮੁਠੱਡਿਆਂ (ਜਲੰਧਰ) ਵਿਚ ਹੋਲਾ ਹੋਇਆ ਸੀ ਓਦੋਂ ਜਾਕੇ ਚਰਨ ਪਰਸੇ ਸਨ, ਹੁਣ ਖਉਰੇ ਜੀਵਨ ਵਿਚ ਕਦੋਂ ਅਵਸਰ ਮਿਲੇ।

ਇਹ ਮਾਈ ਤਾਰੋ, ਸਰੀਰੋਂ ਬੜੀ ਪਤਲੀ, ਨਕਸ਼ਾਂ ਦੀ ਤਿੱਖੀ, ਰੰਗੋਂ ਗੋਰੀ, ਪਰ ਝੁਰੜਾਈ ਹੋਈ ਜਿਵੇਂ ਯਾਦਾਂ ਦੀ ਮੂਰਤੀ ਹੋਵੇ! ਖਉਰੇ ਸਤਿਗੁਰੂ ਜੀ ਨਾਲ ਸਨੇਹ ਹੈ ਜਦੋਂ ਕਿਤੇ ਇਹਨਾਂ ਦੀ ਪ੍ਰਸੰਸ ਸੁਣਾਂ ਹਿਰਦਾ ਟਹਿਕ ਉਠਦਾ ਹੈ।

## ੧੧ ਦਸੰਬਰ ੧੯੭੭ ਐਤਵਾਰ

## ਮੁਸਾਫਰੀਆਂ

### ਗੁਰਨਾਮ ਸਿੰਘ ਦੀ ਵਾਰਤਾ

ਕੋਟ ਬਾਦਲ ਖਾਂ, ਕੰਗ ਅਰਾਈਆਂ ਤੋਂ ਫਿਰਦਾ ਫਿਰਾਂਦਾ ਜਦੋਂ ਅੱਜ ਫਲਾਇੰਗ ਮੇਲ ਫੜਨ ਲਈ ੩ ਕੁ ਵਜੇ ਦੁਪਹਿਰੇ ਲੁਧਿਆਣਾ ਸਟੇਸ਼ਨ ਤੇ ਪੁੱਜਾ ਤਾਂ ਪਲੇਟ ਫਾਰਮ ਤੇ ਮੈਨੂੰ ਇਕ ਨਾਮਧਾਰੀ ਸਿੰਘ ਦੇ ਦਰਸ਼ਨ ਹੋਏ। ਸਾਦਾ ਜਿਹਾ ਆਦਮੀ। ਸਿਰ ਤੇ ਖ਼ਾਕੀ ਸਿੱਧੀ ਦਸਤਾਰ। ਛੀਟਕਾ ਜਿਹਾ। ਇਕ ਹੱਥ ਵਿਚ ੩ ਫੁਟੀ ਕਿਰਪਾਨ ਦੂਜੇ ਵਿਚ ਸੂਤੀ ਥੈਲਾ।



Sri Satguru Jagjit Singh Ji Elibrary NamdhariElibrary@gmail.com

ਮੈਂ ਪੁੱਛ ਲਿਆ : ਕੀ ਨਾਂ ਹੈ ਤੁਹਾਡਾ ?

"ਗੁਰਨਾਮ ਸਿੰਘ।"

"ਕਿਥੋਂ ਦੇ ਰਹਿਣ ਵਾਲੇ ਹੋ ?"

"ਪਰਤਾਪ ਨਗਰ ਲੁਧਿਆਣਾ ਦੇ।"

"ਕੀ ਕੰਮ ਕਰਦੇ ਹੋ ?"

"ਰਾਜਗਿਰੀ, ਇੱਟਾਂ ਦੀ ਚਿਣਾਈ ਵਗੈਰਾ ਦਾ।"

"ਤੁਸੀਂ ਜਨਮ ਦੇ ਨਾਮਧਾਰੀ ਹੋ ਕਿ ਫੇਰ ਬਣੇ ਹੋ ?"

"ਨਾਮਧਾਰੀ ਬਣਿਆਂ ਤਾਂ ਜੀ ਮੈਨੂੰ ੧੪-੧੫ ਸਾਲ ਹੀ ਹੋਏ ਨੇ।"

"ਕਿਵੇਂ ਚੰਗੇ ਲਗ ਗਏ ਤੁਹਾਨੂੰ ਨਾਮਧਾਰੀ ?"

ਉਸ ਨੇ ਆਖਿਆ : ਬੜੀ ਦਿਲਚਸਪ ਵਿਥਿਆ ਹੈ ਜੀ। ਤੇ ਏਨੇ ਚਿਰ ਨੂੰ ਫਲਾਇੰਗ ਮੇਲ ਆ ਗਈ। ਸਾਰੀਆਂ ਸਵਾਰੀਆਂ ਨੂੰ ਹਫੜਲੀ ਪੈ ਗਈ ਤੇ ਭੱਜ ਕੇ ਗੱਡੀ ਚੜ੍ਹਨ ਲਈ ਧੱਕਮਧੱਕਾ ਹੋ ਪਏ। ਸਬਬ ਨਾਲ ਗੁਰਨਾਮ ਸਿੰਘ ਆਪਣੇ ਇਕ ਹੋਰ ਸਾਥੀ ਨਾਲ ਮੇਰੇ ਵਾਲੇ ਡੱਬੇ ਵਿਚ ਹੀ ਸਵਾਰ ਹੋ ਗਿਆ।

ਗੱਡੀ ਚਲ ਪਈ। ਸਵਾਰੀਆਂ ਸੂਤ ਹੋ ਕੇ ਬੈਠ ਗਈਆਂ। ਮੈਂ ਆਪਣੇ ਸਾਥੀ ਗੁਰਨਾਮ ਸਿੰਘ ਨੂੰ ਮਿਲਣ ਲਈ ਆਪਣੀ ਸੀਟ ਛੱਡ ਤੁਰਿਆ। ਉਹ ਆਪਣੇ ਸਾਥੀ ਨਾਲ ਡੱਬੇ ਦੇ ਨਾਲ ਵਿਚਾਲੇ ਖਲੋਤਾ ਹੋਇਆ ਸੀ। ਮੇਰੇ ਪੁੱਛਣ ਤੇ ਗੁਰਨਾਮ ਸਿੰਘ ਨੇ ਆਪਣੀ ਵਿਥਿਆ ਸੁਣਾਈ :

### ਸਿੱਖੀ

ਮੇਰਾ ਪਿਤਾ ਭਾਈ ਕਾਲਾ ਸਿੰਘ ਅਕਾਲੀ ਖਿਆਲਾਂ ਦਾ ਸੀ। ਨੀਲੀ-ਕਾਲੀ ਪੱਗ ਬੰਨਦਾ ਸੀ ਪਰ ਉਹ ਮਾਸ ਸ਼ਰਾਬ ਅੰਡੇ ਵਗੈਰਾ ਦੇ ਨੇੜੇ ਨਹੀਂ ਸੀ ਜਾਂਦਾ। ਸਾਡਾ ਅਸਲੀ ਪਿੰਡ ਹਨੂਰ ਜਾਂ ਅਨੂਰ ਲੁਧਿਆਣਾ ਜ਼ਿਲ੍ਹੇ ਵਿਚ ਹੀ ਹੈ। ਮੈਂ ਵੀ ਆਪਣੇ ਘਰ ਦੀ ਰਹੁਰੀਤ ਵਾਂਗ ਨੀਲੀ ਜਾਂ ਕਾਲੀ ਪੱਗ ਬੰਨਦਾ ਸਾਂ।

"ਮੇਰੇ ਭਾਗਾਂ ਨੂੰ, ਜਦੋਂ ਮੈਂ ਲੁਧਿਆਣੇ ਆ ਕੇ ਰਿਹਾਇਸ਼ ਕੀਤੀ, ਅੱਜ ਤੋਂ ੧੯ ਕੁ ਸਾਲ ਪਹਿਲਾਂ ਤਾਂ ਏਥੇ ਇਕ ਨਾਮਧਾਰੀ, ਸੰਤ ਆਤਮਾ ਸਿੰਘ ਦੇ ਘਰ ਕਿਰਾਏ ਤੇ ਰਹਿਣ ਲੱਗਾ। ਭਟਕਣਾ ਮੇਰੇ ਅੰਦਰ ਬੜੀ ਸੀ, ਕਦੇ ਔਸ ਸੰਤ ਦੇ, ਕਦੇ ਦੂਜੇ ਸਾਧ ਦਾ ਚੇਲਾ ਬਣਨਾ...ਬੜੇ ਪਾਪੜ ਵੇਲੇ।

"ਏਸ ਸਮੇਂ ਤੱਕ ਮੇਰੇ ਘਰ ਦੋ ਲੜਕੀਆਂ ਹੋ ਚੁਕੀਆਂ ਸਨ। ਮੇਰੀ ਪਤਨੀ ਗੁਰਦਿਆਲ ਕੌਰ ਤਾਂ ਅਸਲੋਂ ਹੀ ਉਹਨਾਂ

ਵਰਿਆਮ

ਲੋਕਾਂ ਦੀ ਧੀ ਸੀ, ਜਿਨ੍ਹਾਂ ਨੂੰ ਗੁਰਦੁਆਰੇ ਦੀ ਲਾਗ ਵੀ ਨਹੀਂ ਹੁੰਦੀ। ਉਹ ਬਰਨਾਲਾ ਦੇ ਲਾਗੇ ਪਿੰਡ ਚੀਨਿਆਂ ਦੇ ਤਰਖਾਣ ਪਰਿਵਾਰ ਦੀ ਧੀ ਸੀ।

"ਸੰਤ ਆਤਮਾ ਸਿੰਘ ਦੇ ਘਰ ਰਹਿਣ ਨਾਲ ਉਸਦੇ ਰਹਿਣ-ਸਹਿਣ, ਉਹਦੇ ਪ੍ਰੇਮ ਖਿਮਾਂ ਤੇ ਦਇਆ ਦਾ ਪ੍ਰਭਾਵ ਸਾਡੇ ਮਨਾਂ ਤੇ ਪੈਣ ਲਗਾ। ਉਹ ਸਵੇਰੇ ਉਠ ਇਸ਼ਨਾਨ ਕਰਦਾ, ਭਜਨ ਕਰਦਾ ਬਾਣੀ ਪੜ੍ਹਦਾ। ਮੇਰੀ ਵਹੁਟੀ ਤੇ ਮੈਂ ਉਸ ਵੱਲ ਪਰੇਰੇ ਗਏ।

"ਸਾਡੇ ਖਾਨਦਾਨ ਵਿਚੋਂ, ਸਾਡੀ ਜਾਂਗਪੁਰ ਵਾਲੀ ਰਿਸ਼ਤਿਓਂ ਭੂਆ ਨੇ ਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਭਜਨ ਪੁਛਿਆ ਹੋਇਆ ਸੀ। ਉਹ ਕਦੇ ਨਾਮਧਾਰਨ ਸੀ ਸਾਡੀ ਜਾਣਕਾਰੀ ਵਿਚ। ਪਰ ਇਸ ਨਾਮਧਾਰੀ ਦੀ ਸੰਗਤ ਨੇ ਸਾਡੇ ਉਤੇ ਕਾਫ਼ੀ ਅਸਰ ਕਰ ਲਿਆ।

### ਪੁੱਤਰ ਦੀ ਦਾਤ

ਸਾਨੂੰ ਲੜਕੇ ਦੀ ਖਾਹਸ਼ ਸੀ। ਇਹਦੀ ਪ੍ਰਾਪਤੀ ਲਈ ਵੀ ਅਸੀਂ ਬੜਾ ਭਟਕੇ। ਇਕ ਦਿਨ ਸੰਤ ਆਤਮਾ ਸਿੰਘ ਨੇ ਮੈਨੂੰ ਆਖਿਆ : ਭੈਣੀ ਸਾਹਿਬ ਮੇਲਾ ਹੈ ਜੇ ਅਪਾਂ ਰਾਤ ਜਾ ਕੇ ਵੇਖ ਲਿਆ ਕਰੀਏ ਤੇ ਸਵੇਰੇ ਆਣ ਕੇ ਦਿਹਾੜੀ ਕਰ ਲਈਏ। ਦਿਹਾੜੀਆਂ ਵੀ ਨਾ ਟੁੱਟੀਆਂ ਤੇ ਸਾਧ ਸੰਗਤ ਦੇ ਦਰਸ਼ਨ ਵੀ ਹੋ ਗਏ। ਮੈਂ ਸਗੋਂ ਚੜ੍ਹ ਕੇ ਆਖਿਆ : ਜੇ ਮੇਲਾ ਵੇਖਣਾ ਈ ਹੈ ਤਾਂ ਦੋ ਦਿਹਾੜੀਆਂ ਟੁੱਟ ਗਈਆਂ ਤਾਂ ਕੀ ਆਖ਼ਰ ਆ ਗਈ !

ਅਤੇ ਅਸੀਂ ਭੈਣੀ ਸਾਹਿਬ ਆ ਗਏ। ਓਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੱਦੀ-ਨਸ਼ੀਨ ਹੋਇਆਂ ੪ ਸਾਲ ਹੋ ਗਏ ਸਨ। ਮੈਨੂੰ ਭੈਣੀ ਸਾਹਿਬ ਆ ਕੇ ਨਾਮਧਾਰੀਆਂ ਦਾ ਦੀਵਾਨ, ਹਰੀਜਸ ਕਰਨਾ, ਭਜਨ ਕਰਨਾ, ਉਜਲੇ-ਉਜਲੇ ਬਸਤਰ ਚੰਗੇ ਲਗੇ। ਮੇਲੇ ਤੋਂ ਪਹਿਲਾਂ ਦੀ ਵੇਰੀ ਦੀ ਗੱਲ ਹੈ ਕਿ ਮੇਰੇ ਸਾਥੀ ਨੇ ਮੈਨੂੰ ਲੰਗਰ ਛੱਕਣ ਲਈ ਆਖਿਆ। ਮੈਂ ਕਿਹਾ : ਲੰਗਰ ਤਾਂ ਜ਼ਰੂਰ ਛੱਕਣਾ ਹੈ। ਗੁਰੂ ਘਰ ਆ ਕੇ ਗੁਰੂ ਕਾ ਲੰਗਰ ਨਾ ਛਕੀਏ ਤਾਂ ਗੱਲ ਮਾੜੀ ਹੈ।

ਭੋਜਨ ਛੱਕਣ ਗਏ ਤਾਂ ਸਾਨੂੰ ਪਹਿਲਾਂ ਹੀ ਦੋ-ਦੋ ਪ੍ਰਸ਼ਾਦੇ ਮਿਲੇ। ਮੈਂ ਦਾਲੇ ਦੀ ਉਡੀਕ ਤੋਂ ਪਹਿਲੋਂ ਹੀ ਜਦੋਂ ਇਕ ਗਰਾਹੀ ਭੰਨ ਕੇ ਮੂੰਹ ਪਾਈ ਤਾਂ ਉਸ ਵਿਚੋਂ ਅਨੇਕ ਪ੍ਰਕਾਰ ਦੇ ਅਤੇ ਅਕਹਿ ਸੁਆਦ ਆਏ। ਮੈਂ ਹੈਰਾਨ ਹੋ ਗਿਆ : ਨਾਮਧਾਰੀ ਅਜਿਹੇ ਬਹੁਰਸੀ ਪ੍ਰਸ਼ਾਦੇ ਛੱਕਦੇ ਹਨ !



Sri Satguru Jagjit Singh Ji Elibrary NamdhariElibrary@gmail.com

ਤਦੇ ਤਾਂ ਗਾਉਂਦੇ, ਭਜਨ ਕਰਦੇ ਤੇ ਸੇਵਾ ਵਿਚ ਨੱਠੇ ਫਿਰਦੇ ਹਨ। ਇਹ ਪਹਿਲੇ ਪ੍ਰਸ਼ਾਦੇ ਦੀ ਬੁਰਕੀ ਸੀ। ਪਰ ਜਦੋਂ ਦੂਜੇ ਦੀ ਤੋੜੀ ਤਾਂ ਉਹ ਆਮ ਰੋਟੀਆਂ ਜਿਹਾ ਹੀ ਸੀ।

ਮੈਂ ਪਹਿਲਾਂ ਆਮ ਤੇ ਫਿਰ ਰਸ ਭੰਡਾਰ ਫੁਲਕਾ ਛਕਿਆ। ਮਨ ਵਿਚ ਇਕ ਮਸਤੀ ਦੀ ਰਉਂ ਵਹਿ ਤੁਰੀ ਤੇ ਇਕ ਲਗਨ ਜਿਹੀ ਲਗ ਗਈ।

ਹੁਣ ਜਦੋਂ ਮੇਲੇ ਦੇ ਦਿਨੀਂ ਆਏ ਤਾਂ ਮੇਰੀ ਪਤਨੀ ਵੀ ਨਾਲ ਸੀ ਤੇ ਸੰਤ ਆਤਮਾ ਸਿੰਘ ਦੀ ਪਤਨੀ ਬਲਵੰਤ ਕੌਰ ਵੀ ਨਾਲ ਆਈ। ਬਲਵੰਤ ਕੌਰ ਨੇ ਮੇਰੀ ਪਤਨੀ ਨੂੰ ਆਖਿਆ: ਚੱਲ ਤੇਰੇ ਘਰ ਪੁੱਤਰ ਦੀ ਦਾਤ ਵਾਸਤੇ ਮਾਤਾ ਜੀ ਨੂੰ ਅਰਜ਼ ਕਰੀਏ। ਉਹ ਤਾਂ ਵਿਚਾਰੀ ਅੱਗੇ ਹੀ ਬੁੜ ਮਾਰੀ ਸੀ। ਨਾਲ ਹੋ ਪਈ।

ਜੇਠਾਂ ਵਾਲੇ ਮਕਾਨ ਦੇ ਪਾਸ ਮਾਤਾ ਜੀ ਖਲੋਤੇ ਸਨ ਕਿ ਬਲਵੰਤ ਕੌਰ ਨਮਸਕਾਰ ਕਰਕੇ ਮਾਤਾ ਜੀ ਨੂੰ ਸਾਡੇ ਲਈ ਸਿਫ਼ਾਰਸ਼ ਕੀਤੀ। ਮੇਰੀ ਪਤਨੀ ਨੇ ਵੀ ਮੱਥਾ ਟੇਕ ਕੇ ਆਪਣੀ ਕਮੀ ਦਾ ਜ਼ਿਕਰ ਕੀਤਾ। ਮਾਤਾ ਜੀ ਮਿਹਰ ਦੇ ਘਰ ਆ ਗਏ। ਉਹਨਾਂ ਕਿਹਾ: ਜਾਓ ਅਕਾਲ ਬੁੰਗੇ ਜੋਤਾਂ ਵਿਚ ਘਿਉ ਪਾ ਆਓ।

ਇਹਨਾਂ ਇਹ ਬਚਨ ਸੁਣ ਕੇ ਮੈਨੂੰ ਆ ਦੱਸਿਆ। ਮੈਂ ਕਿਹਾ: ਦੇਸੀ ਘਿਉ ਅਸੀਂ ਕਿਥੋਂ ਲਭਾਂਗੇ? ਮਾਇਆ ਦੇ ਦਿੰਦੇ ਹਾਂ ਇਸ ਘਿਉ ਦੀ। ਜਿੰਨੀ ਆਖੇਂ ਦੇ ਦੇਈਏ ੫,੭,੧੦,੧੫ ਰੁਪਏ। ਪਰ ਘਰ ਵਾਲੀ ਬੋਲੀ: ਚਲੋ ੧੫ ਹੀ ਦੇ ਦਿਓ।

ਅਸਾਂ ਜਾ ਕੇ ਮਾਤਾ ਜੀ ਨੂੰ ਮੱਥਾ ਟੇਕ ੧੫ ਰੁਪਏ ਚਰਨਾਂ ਵਿਚ ਰਖ ਦਿਤੇ। ਘਿਉ ਲੈ ਕੇ ਜੋਤਾਂ ਵਿਚ ਜਾ ਪਾਇਆ।

ਅਤੇ ਸਮੇਂ ਦੀ ਠੀਕ ਅਵਧੀ ਤੇ ਸਾਡੇ ਘਰ ਹੀਰੇ ਵਰਗਾ ਪੁੱਤਰ ਜਨਮਿਆ। ਤਦ ਤੋਂ ਅਸੀਂ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਘਰ ਪੱਕੇ ਸੇਵਕ ਹੋ ਗਏ ਹਾਂ। ਗੱਲ ਏਨੀਂ ਹੀ ਨਹੀਂ। ਸਾਡੇ ਘਰ ਅਗਲਾ ਬੱਚਾ ਵੀ ਲੜਕਾ ਹੀ ਹੋਇਆ। ਅੱਜ ਸਾਡੇ ਘਰ ਦੋ ਧੀਆਂ ਤੇ ਦੋ ਪੁੱਤਰ ਹਨ। ਮੇਰੇ ਪੁੱਤਰਾਂ ਦੀ ਰੱਖਿਆ ਵੀ ਸਤਿਗੁਰਾਂ ਹੀ ਕੀਤੀ। ਜਿਵੇਂ ਕਹਿੰਦੇ ਨੇ ਕਿ "ਜਲ ਡੋਬੇ ਕ ਅਗਨੀ ਸਾੜੇ ਰੱਬ ਦਿਆਂ ਭਗਤਾਂ ਨੂੰ" ਇਹ ਵੀ ਗੱਲ ਸਾਡੇ ਨਾਲ ਵਾਪਰੀ। ਸਤਿਗੁਰੂ ਜੀ ਨੇ ਮੇਰੇ ਵੱਡੇ ਲੜਕੇ ਨੂੰ ਘਰ ਦੇ ਸਾਹਮਣੇ ਲੱਕ ਲੱਕ ਟੋਏ ਵਿਚ ਪਾਣੀ ਅੰਦਰ, ਤੀਜੇ ਸਾਲ ਦੀ ਉਮਰੇ ਡੁੱਬ ਚੁਕਾ ਸੀ ਤੇ ਜਿਸ ਦਾ ਸਰੀਰ ਫੁਲ ਕੇ ਤਰਨ ਲਗ ਪਿਆ ਸੀ—ਉਸ ਨੂੰ ਸਾਡੇ ਲਈ ਹੀ ਸਤਿਗੁਰਾਂ ਨੇ ਮੁੜ ਜੀਵਨ ਬਖਸ਼ਿਆ। ਫਿਰ ਇਸੇ ਲੜਕੇ ਦਾ ਸਟੋਵ ਤੇ ਡਿੱਗ ਕੇ ਮੂੰਹ ਜਲ ਗਿਆ। ਪਰ ਸਤਿਗੁਰਾਂ ਦੀ ਕਿਰਪਾ ਨਾਲ ਨਾ ਅੱਖਾਂ ਨੂੰ ਸੇਕ ਲੱਗਾ ਨਾ ਚਿਹਰਾ ਬੇਸ਼ਕਲ ਹੋਇਆ। ਅੱਜ ਉਸ ਦਾ ਚਿਹਰਾ ਖ਼ੂਬਸੂਰਤ ਹੀ ਲਗਦਾ ਹੈ। ਸੋ ਅਸੀਂ ਤਾਂ ਸਤਿਗੁਰੂ ਦੇ ਗੁਣਨਵਾਦ ਗਾਉਂਦੇ ਫਿਰਦੇ ਹਾਂ ਅਤੇ ਅੱਜ ਸਾਡਾ ਸਾਰਾ ਪਰਿਵਾਰ ਨਾਮਧਾਰੀ ਦਸਤਰ ਪਹਿਨਦਾ ਤੇ ਰਹਿਤ ਮਰਯਾਦਾ ਰੱਖਦਾ ਹੈ। ਮੈਂ ਹਰ ਸਾਲ ਲੁਧਿਆਣੇ ਦੇ ਜੱਥੇ ਨਾਲ ਮੇਲਿਆਂ ਆਦਿ ਤੇ ਜੋੜਿਆਂ ਦੀ ਸੇਵਾ ਕਰਦਾ ਹਾਂ।

### ੧੩ ਦਸੰਬਰ ੧੯੭੭ ਮੰਗਲਵਾਰ
### ਨਵੀਂ ਦਿੱਲੀ
## ਉਸਤਾਦ ਅਮਜਦ ਅਲੀ ਖਾਂ ਦੇ ਵਿਚਾਰ

ਸ੍ਰੀ ਗੁਰਦੇਵ ਸਿੰਘ ਸਰੋਦ, ਸ੍ਰੀ ਹਰਭਜਨ ਸਿੰਘ ਸਿਤਾਰ ਅਤੇ ਲੇਖਕ ਉਸਤਾਦ ਅਮਜਦ ਅਲੀ ਖਾਂ ਪਾਸ


ਉਸਤਾਦ ਅਮਜਦ ਅਲੀ

ਦੁਪਹਿਰ ਵੇਲੇ ਗਏ। ਮਨੋਰਥ ਸੀ "ਵਰਿਆਮ" ਦੇ ਸਤਿਗੁਰੂ ਜਗਜੀਤ ਸਿੰਘ ਅੰਕ ਲਈ ਲੇਖ ਪ੍ਰਾਪਤ ਕਰਨਾ। ਖਾਂ ਸਾਹਿਬ ਖਾਣਾ ਖਾਣ ਤੋਂ ਪਿਛੋਂ ਲਿਖਵਾਣ ਲੱਗੇ ਤੇ ਮੈਂ ਉਨ੍ਹਾਂ ਦੇ ਉਰਦੂ ਬੋਲਣ ਤੋਂ ਪੰਜਾਬੀ ਵਿਚ ਲਿਖਣ ਲਗਾ। ਮਜ਼ਮੂਨ ਵਿਚ ਉਨ੍ਹਾਂ ਹੇਠ ਲਿਖੇ ਨੁਕਤੇ ਲਏ ਹਨ:-

੧. ਸਤਿਗੁਰੂ ਜੀ ਦੀ ਇਹ ਕੋਸ਼ਿਸ਼ ਹੀ ਹੈ ਕਿ ਦੇਸ਼ ਅਤੇ ਵਿਦੇਸ਼ਾਂ ਦੇ ਲੋਕ ਉਹਨਾਂ ਦੀ ਪੂਜਾ ਅਤੇ ਮਾਨਤਾ ਕਰਦੇ ਹਨ।

੨. ਗਿਆਰਾਂ ਸਾਲ ਪਹਿਲਾਂ ਉਸਤਾਦ ਅਮਜਦ ਅਲੀ ਉਹਨਾ ਦੀ ਨੇੜਤਾ ਵਿਚ ਆਏ ਉਦੋਂ ਤੋਂ ਹੀ ਸਤਿਗੁਰੂ



Sri Satguru Jagjit Singh Ji Elibrary NamdhariElibrary@gmail com

ਜੀ ਦੇ ਸੰਗੀਤ ਗਿਆਨ ਦੀ ਗਹਿਰਾਈ ਦਾ ਉਹਨਾਂ ਨੂੰ ਅਹਿਸਾਸ ਹੋਇਆ ।

੩. ਸਤਿਗੁਰੂ ਜੀ ਸ਼ਾਸ਼ਤਰੀ ਸੰਗੀਤ ਦੇ ਸੰਰਖਿਅਕ ਹਨ ਤੇ ਇਸ ਕੰਮ ਲਈ ਆਪ ਨੇ ਨਾਮਧਾਰੀ ਬੱਚਿਆਂ ਨੂੰ ਸੰਗੀਤ ਦੇ ਉੱਚਕੋਟੀ ਦੇ ਕਲਾਕਾਰਾਂ ਦੇ ਪਾਸ ਸ਼ਾਗਿਰਦ ਬੈਠਾਇਆ ਹੈ ।

੪. ਖਾਂ ਸਾਹਿਬ ਦੀ ਤਜਵੀਜ਼ ਤੇ ਸਤਿਗੁਰਾਂ ਨੇ ਸ਼ਾਸ਼ਤਰੀ ਸੰਗੀਤ ਸਮੇਲਨ ਨੂੰ ਸਲਾਨਾ ਹੀ ਕਰਨ ਦੀ ਪਿਰਤ ਪਾਈ ।

੫. ਸੰਗੀਤ-ਸ਼ੌਕੀਨਾਂ ਨੂੰ ਤਾਂ ਸੰਗੀਤ ਸਮੇਲਨ ਕਰਕੇ ਮੁਫ਼ਤ ਵਧੀਆ ਕਲਾਕਾਰ ਸੁਣਨ ਦਾ ਅਵਸਰ ਦਿਤਾ, ਪਰ ਨਾਲ ਹੀ ਗੁਣੀਜਨਾਂ ਦੀ ਪੂਰੀ ਕਦਰ ਕੀਤੀ, ਕਿਸੇ ਨੂੰ ਘੱਟ ਪੈਸੇ ਨਹੀਂ ਦਿਤੇ ।

੬. ਸਤਿਗੁਰੂ ਜੀ ਨੇ ਉਹਨਾਂ ਲੋਕਾਂ ਦਾ ਵੀ ਰਾਹ ਰੁਸ਼ਨਾਇਆ ਜੋ ਪਿਤਾ ਪਿਤਾਮਿਆਂ ਨਮਿਤ ਸੰਗੀਤ ਸਮੇਲਨ ਤਾਂ ਕਰਦੇ ਹਨ ਪਰ ਆਸ ਰਖਦੇ ਹਨ ਕਿ ਕਲਾਕਾਰ ਪੱਲਿਉਂ ਟਿਕਟ ਖਰੀਦ ਕੇ ਆਉਣ ਤੇ ਉਹਨਾਂ ਦੇ ਸਮਾਰੋਹ ਸਫਲ ਕਰਨ ।

੭. ਅੰਤ ਉਤੇ ਆਸ ਪ੍ਰਗਟ ਕੀਤੀ ਹੈ ਕਿ ਸਤਿਗੁਰੂ ਜੀ ਦੀ ਹਜ਼ਾਰਾਂ ਵਰ੍ਹਿਆਂ ਉਮਰ ਹੋਵੇ ਤੇ ਬਆਦ ਵਿਚ ਵੀ ਉਤਰਾਧਿਕਾਰੀ ਤੇ ਸੰਗਤ ਸੰਗੀਤ ਦੀ ਉੱਨਤੀ ਸੱਚੇ ਤੇ ਕਰੇ ।

## ੧੪ ਦਸੰਬਰ ੧੯੭੭ ਬੁੱਧਵਾਰ
## ਨਵੀਂ ਦਿੱਲੀ

### ਡਾ: ਅਮਰ ਭਾਰਤੀ

ਅੱਜ ਜਦੋਂ ਮੈਂ ਪੰਜਾਬੀ ਦੇ ਵਿਦਵਾਨ ਲੇਖਕ ਡਾ: ਅਮਰ ਭਾਰਤੀ ਨੂੰ ਮਿਲਣ ਉਹਦੇ ਘਰ ਹਰੀ ਨਗਰ, ਨਵੀਂ ਦਿੱਲੀ ਮਿਲਣ ਗਿਆ ਤਾਂ ਉਸ ਦੱਸਿਆ ਕਿ ਸ੍ਰ. ਹਰਵਿੰਦਰ ਸਿੰਘ ਹੰਸਪਾਲ ਦੀ ਪ੍ਰੇਰਨਾ ਤੇ ਉਹ ਇਕ ਖੋਜ ਪੁਸਤਕ ਤਿਆਰ ਕਰ ਰਿਹਾ ਹੈ ਜਿਸ ਦੁਆਰਾ ਗ੍ਰੰਥ ਸਾਹਿਬ ਦੀ ਬਾਣੀ ਤੋਂ ਹੀ ਇਹ ਸਿੱਧ ਕੀਤਾ ਜਾ ਸਕੇ ਕਿ ਮਨੁੱਖ ਦਾ ਗੁਰੂ ਦੇਹਧਾਰੀ ਹੀ ਹੋ ਸਕਦਾ ਹੈ, ਪੁਸਤਕ ਨਹੀਂ । ਲੇਖਕ ਨੇ ਆਪਣੀ ਪੁਸਤਕ ਦੇ ਖਰੜੇ ਦੀਆਂ ੮-੧੦ ਸਲਿਪਾਂ ਸੁਣਾਈਆਂ । ਉਮੀਦ ਕੀਤੀ ਜਾ ਸਕਦੀ ਹੈ ਕਿ ਪੁਸਤਕ ਬੜਾ ਗਹਿਰਾ ਪੈਂਠ ਕੇ, ਸੰਜੀਦਗੀ ਨਾਲ ਆਪਣੇ ਵਿਸ਼ੇ ਉਤੇ



ਰੌਸ਼ਨੀ ਪਾਏ ਗੀ ।

ਪੰਜਾਬੀ ਦੀ ਸੁਪ੍ਰਸਿੱਧ ਲੇਖਕਾ ਅੰਮ੍ਰਿਤਾ ਪ੍ਰੀਤਮ ਨੂੰ ਵੀ ਡਾ: ਅਮਰ ਭਾਰਤੀ ਅਤੇ ਮੈਂ ਮਿਲਣ ਵਾਸਤੇ ਗਏ । ਉਸ ਨਾਲ ਸ੍ਰੀ ਇਮਰੋਜ਼ ਤੇ ਬੀਬੀ ਸ਼ਾਂਤਾ ਪ੍ਰੀਤਮ ਸਹਿਤ ਘੰਟਾ ਭਰ ਬਿਤਾ ਕੇ ਵਾਪਸ ਪਰਤੇ । ਉਹ ਇਹ ਜਾਣ ਕੇ ਪ੍ਰਸੰਨ ਹੋਈ ਕਿ ਸਤਿਗੁਰੂ ਜਗਜੀਤ ਸਿੰਘ ਫੱਕਰ ਤਬੀਅਤ ਵਿਅਕਤੀ ਹਨ । ਉਹਦਾ ਜੀ ਕਰਦਾ ਸੀ ਕਿ ਸਤਿਗੁਰੂ ਕੋਈ ਅਖ਼ਬਾਰ ਜਾਰੀ ਕਰਵਾਣ ਜਿਸ ਨਾਲ ਪੰਜਾਬੀ ਤੇ ਨਾਮਧਾਰੀਆਂ ਨਾਲ ਸੰਬੰਧਤ ਲੇਖਕ ਰੁਜ਼ਗਾਰ ਤਾਂ ਹਾਸਲ ਕਰਨ ਹੀ ਪੰਜਾਬੀ ਦੀ ਵੀ ਖੁਲ੍ਹ ਕੇ ਸੇਵਾ ਕਰ ਸੱਕਣ ।

## ੧੫ ਦਸੰਬਰ ੧੯੭੭ ਵੀਰਵਾਰ
## ਨਵੀਂ ਦਿੱਲੀ

### ਆਮਦ ਸਤਿਗੁਰਾਂ ਦੀ

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਕਰੀਬ ੬.੩੦ ਵਜੇ ਸ਼ਾਮੀਂ ਦਿੱਲੀ ਪਧਾਰੇ । ਆਪ ਦੇ ਨਾਲ ਠਾਕੁਰ ਉਦੈ ਸਿੰਘ ਜੀ, ਸੰਤ ਮਹਿੰਦਰ ਸਿੰਘ ਪੁਰਬਾ, ਸੰਤ ਕਿਰਪਾਲ ਸਿੰਘ ਭੱਬਰ ਤੇ ਡਰਾਈਵਰ ਗੁਰਮੁਖ ਸਿੰਘ ਆਏ । ਪਹਿਲਾਂ ਆਪ ਮਹਿੰਦਰ ਸਿੰਘ ਬਾਲੀ ਨਗਰ ਵਲ ਛੋਟੇ ਬੱਚਿਆਂ ਦਾ ਸ੍ਰੀ ਰਾਜਨ ਮਿਸ਼ਰਾ ਪਾਸੋਂ ਸਿਖਿਆ ਸੰਗੀਤ ਸੁਣਨ ਵਾਸਤੇ ਗਏ ।

ਮੈਂ ਅਤੇ ਕੁਲਦੇਵ ਸਿੰਘ ਸਰੋਦ ਉਦੋਂ ਐਸ. ਕੇ. ਗਿਲਾਸ ਕੰਪਨੀ ਵਾਲੇ ਸ: ਅਮਰ ਸਿੰਘ ਗਾਡੀ (ਜੋ ਪਿਛੋਂ ਮੇਰੇ ਪਿੰਡ ਚਫ਼ਰ ਕੇ ਜ਼ਿਲਾ ਲਾਹੌਰ, ਪਾਕਿਸਤਾਨ ਦਾ ਹੈ) ਪਾਸ ਸੀ ਜੋ ਮੇਰਾ ਸ਼ਾਗਿਰਦ ਅਤੇ ਮਿੱਤਰ ਹੈ । ਅਸੀਂ

ਵਰਿਆਮ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਬਾਰੇ ਸ਼ਾਮੀਂ ਫੋਨ ਤੇ ੧੧/੧੦ ਪੂਸਾ ਰੋਡ ਤ ਜਾਣਨਾ ਚਾਹਿਆ ਤਾਂ ਸ੍ਰੀ ਗੁਰਭਜਨ ਸਿੰਘ ਸਾਬਕਾ ਸਕੱਤਰ ਰਾਹੀਂ ਪਤਾ ਲਗਾ ਕਿ ਸਤਿਗੁਰੂ ਜੀ ਮੈਕਸਮੂਲਰ ਹਾਲ ਵਿਚ ਜਗਤ ਪ੍ਰਸਿਧ ਸਾਰੰਗੀ ਨਿਵਾਜ਼ ਪੰਡਿਤ ਰਾਮ ਨਾਰਾਇਣ ਨੂੰ ਸੁਣਨਾ ਚਾਹ ਰਹੇ ਹਨ—ਸੀਟਾਂ ਆਦਿ ਦਾ ਪ੍ਰਬੰਧ ਕੀਤਾ ਜਾਏ।

ਅਸੀਂ ਜੇ ਹਾਲ ਤੱਕ ਪਹੁੰਚ ਕੇ ਪਤਾ ਕੀਤਾ ਤਾਂ ਵੇਖਿਆ ਕਿ ਉਥੇ ਸਾਧਾਰਨ ਕੁਰਸੀਆਂ ਤੇ ਬੈਠੇ ਸਰੋਤੇ ਸੁਣ ਰਹੇ ਹਨ ਤੇ ਕੋਈ ਵੀ ਸੀਟ ਵਿਹਲੀ ਨਹੀਂ। ਜੇ ਬਾਹਰ ਫੋਨ ਕਰਨ ਲਈ ਨਿਕਲੇ ਤਾਂ ਸੇਠ ਤ੍ਰਿਲੋਕ ਸਿੰਘ, ਸੇਠ ਕਿਰਪਾਲ ਸਿੰਘ ਡਾਲਟਨ ਗੰਜ ਅਤੇ ਇਹਨਾਂ ਦੇ ਲੜਕੇ ਆਉਂਦੇ ਮਿਲੇ। ਉਹਨਾਂ ਨੂੰ ਦੱਸ ਹੀ ਰਹੇ ਸਾਂ ਕਿ ਅੰਦਰ ਜਗਾਹ ਹੈ ਨਹੀਂ ਕਿ ਸਤਿਗੁਰੂ ਜੀ ਵੀ ਕਾਰ ਦੁਆਰਾ ਆ ਪਹੁੰਚੇ।

ਹਾਲਾਤ ਦੱਸੇ ਗਏ ਤਾਂ ਆਪ ਨੇ ਜਾਣਨਾ ਚਾਹਿਆ ਕਿ ਪ੍ਰੋਗਰਾਮ ਕਦੋਂ ਖ਼ਤਮ ਹੋਵੇਗਾ ਤੇ ਕੱਲ ਦਾ ਕੀ ਕਾਰਜ ਕਰਮ ਹੈ। ਇਸ ਕੰਮ ਲਈ ਮੈਂ ਤੇ ਪਿਆਰਾ ਸਿੰਘ ਰਮੇਸ਼ ਨਗਰ ਦੀ ਡਿਊਟੀ ਲਗਾਈ ਗਈ। ਇਸ ਦਾ ਲੜਕਾ ਸੁਰਜੀਤ ਸਿੰਘ ਬੰਬਈ ਵਿਚ ਜਾ ਰਾਮ ਨਾਰਾਇਣ ਜੀ ਦਾ ਸ਼ਾਗਿਰਦ ਬੈਠਾਇਆ ਸੀ।

ਸਤਿਗੁਰੂ ਜੀ ਦੀ ਇੱਛਾ ਹੈ ਕਿ ਪੰ: ਰਾਮ ਨਾਰਾਇਣ ਨੂੰ ਮਿਲ ਕੇ ਆਪਣੇ ਬੱਚਿਆਂ ਬਾਰੇ ਜਾਣ ਸੱਕਣ ਅਤੇ ਜੋ ਸਾਰੰਗੀ ਦਾ ਬਾਦਸ਼ਾਹ ਗਿਣਿਆ ਜਾਂਦਾ ਹੈ ਉਸਦਾ ਸਤਿਕਾਰ ਕਰ ਸਕਣ।

ਜਦ ਤੱਕ ਅਸੀਂ ਦੁਬਾਰਾ ਮੈਕਸਮੂਲਰ ਹਾਲ ਤੋਂ ਪਰਤੇ ਸਤਿਗੁਰੂ ਜੀ ਨੇ ਆਪਣੇ ਵਾਲੀ ਕਾਰ ਵਿਚ ਸੇਠ ਤ੍ਰਿਲੋਕ ਸਿੰਘ—ਸੇਠ ਕਿਰਪਾਲ ਸਿੰਘ ਨੂੰ ਬੈਠਾ ਲਿਆ। ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਨਾਲ ਸਾਰੇ ਮਾਇਆ ਵਿਹਾਰਾਂ ਬਾਰੇ ਇਸ ਸਮੇਂ ਗੱਲਬਾਤ ਹੁੰਦੀ ਰਹੇਗੀ। ਸਾਡੇ ਕੋਠੀ ਪੂਸਾ ਰੋਡ ਪੁਜਣ ਤੱਕ ਵੀ ਪਹਿਲਾਂ ਉਪਰੋਕਤ ਦੋਹਾਂ ਨਾਲ ਤੇ ਫਿਰ ਪਹਿਲੇ ਇਕੱਲੇ ਨਾਲ ਗੱਲਬਾਤ ਹੁੰਦੀ ਰਹੀ।

### ਅਵਤਾਰ ਸਿੰਘ ਰਮੇਸ਼ ਨਗਰ

ਜਦੋਂ ਰਾਤੀਂ ੯.੨੫ ਤੇ ਮੈਂ ਅਤੇ ਗੁਰਦੇਵ ਸਿੰਘ ਆਗਿਆ ਲੈ ਕੇ ਘਰੀਂ ਆਉਣ ਲਗੇ ਤਾਂ ਸਾਨੂੰ ਸ: ਅਵਤਾਰ ਸਿੰਘ ਰਮੇਸ਼ ਨਗਰ ਆਪਣੀ ਗੱਡੀ ਤੇ ਛੱਡਣ ਆਇਆ। ਉਸ ਦੱਸਿਆ ਕਿ ਜਦੋਂ ਵੀ ਉਸ ਨੂੰ ਪਤਾ ਲਗ



ਸ: ਅਵਤਾਰ ਸਿੰਘ

ਜਾਵੇ ਕਿ ਸਤਿਗੁਰੂ ਜੀ ਦਿੱਲੀ ਆ ਗਏ ਹਨ ਉਹ ਆਪਣੀ ਕਾਰ ਲੈ ਕੇ ਕੋਠੀ ਵਿਚ ਹਾਜ਼ਰ ਹੋ ਜਾਂਦਾ ਹੈ। ਕਰੀਬ ੧੦੦/- ਦਾ ਪੈਟਰੋਲ ਖਰਚ ਹੋ ਜਾਂਦਾ ਹੈ ਰੋਜ਼, ਪਰ ਫੈਸਲਾ ਹੈ ਕਿ ਇਹ ਖਰਚ ਕਰਨਾ ਹੀ ਕਰਨਾ ਹੈ।

ਐਮਰਜੈਂਸੀ ਦੌਰਾਨ ਥਾਵਾਂ ਖਾਲੀ ਕਰਵਾਣ ਕਾਰਨ ਸੇਠ ਅਵਤਾਰ ਸਿੰਘ ਦਾ ਕਾਰੋਬਾਰ ਠੱਪ ਹੋ ਜਾਣ ਨਾਲ ਦੋ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ ਤੇ ਏਨੀਂ ਕੁ ਰਕਮ ਦੇ ਹੇਠ ਆ ਗਏ ਪਰ ਇਹਨਾਂ ਸਤਿਗੁਰਾਂ ਦੇ ਭਰੋਸਾ ਰਖ ਕੇ ਜਤਨ ਨਹੀਂ ਛੱਡੇ। ਅੱਜ ਫਿਰ ਕੁਝ ਸੂਰਤ ਆ ਗਈ ਹੈ। ਇਕ ਸਮਾਂ ਬਹੁਤ ਹੀ ਤੰਗੀ ਦਾ ਸੀ। ਸਤਿਗੁਰੂ ਜਗਜੀਤ ਸਿੰਘ ਨੇ ਉਦੋਂ ਬਖਸ਼ਸ਼ ਦਾ ਬਚਨ ਕੀਤਾ ਸੀ: ਜਿੰਨੀ ਜੋ ਕਰਦਾ ਹੈ ਰਕਮ ਲੈ ਲਓ ਤੇ ਕੰਮ ਕਰੋ। ਘਬਰਾਓ ਨਾ। ਪਰ ਅਵਤਾਰ ਸਿੰਘ ਅਰਜ਼ ਕੀਤੀ: ਆਪਣੇ ਵਲੋਂ ਤਾਂ ਕਿਰਪਾ ਹੀ ਕਰੋ। ਸਾਡੇ ਕਾਰੋਬਾਰ ਵਿਚ ਬਰਕਤ ਪਵੇ ਆਪ ਜੀ ਤੋਂ ਲੈ ਲੈ ਕਿੰਨਾ ਕੁ ਚਿਰ ਸਾਰਾਂਗੇ।

### ੧੬ ਦਸੰਬਰ ੧੯੭੮ ਸ਼ੁਕਰਵਾਰ
### ਨਵੀਂ ਦਿੱਲੀ

**ਸਾ ਰੇ ਗਾ ਮਾ**

ਰਮੇਸ਼ ਨਗਰ ਧਰਮਸਾਲਾ ਵਿਚ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ ਜਦੋਂ ਮੈਂ ਆਪਣੇ ਸਪੁਤਰਾਂ ਮਨਧੀਰ ਸਿੰਘ-ਸੁਖਬੀਰ ਸਿੰਘ ਨਾਲ ੬ ਕੁ ਵਜੇ ਪਹੁੰਚਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੋਹੇਂ ਸ੍ਰੀ ਹਰਭਜਨ ਸਿੰਘ (ਸਿਤਾਰ) ਦੀ ਸਰਦਾਰੀ ਹੇਠ ਮੋਹਣ ਸਿੰਘ-ਸੁਖਦੇਵ ਸਿੰਘ ਆਦਿ ਬੱਚੇ ਕੀਰਤਨ ਕਰ ਰਹੇ ਹਨ। ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਨੇ ਇਕ ਸ਼ਬਦ ਦੀ ਅਗਵਾਈ ਕੀਤੀ :

ਜੇਤਾ ਸਮੁੰਦ ਸਾਗਰ ਨੀਰ ਭਰਿਆ
ਤੇਤੇ ਅਉਗਣ ਹਮਾਰੇ
ਦਇਆ ਕਰਹੁ ਕਛੁ ਮਿਹਰ ਉਪਾਵਹੁ
ਡੁਬਦੇ ਪੱਥਰ ਤਾਰੇ ।

ਇਸ ਸ਼ਬਦ ਵਿਚ ਗੰਵੇ ਜਾਂਦੇ ਰਾਗ ਦੀਆਂ ਸੁਰਾਂ ਵਿਚ ਜਿਥੇ ਵੀ ਸ ਗ ਰ ਮ ਆਦਿ ਅੱਖਰ ਆਏ ਉਹਨਾਂ ਨੂੰ ਠੀਕ ਸਾ ਰੇ ਗਾ ਮਾ ਦੀ ਸੁਰਾਂ ਵਿਚ ਹੀ ਲਗਾਇਆ । ਜਿਵੇਂ ਸ਼ਬਦ 'ਨੀਰ' ਨੂੰ 'ਨੀ' 'ਰੇ' ਸੁਰਾਂ ਵਿਚ ਗੰਵਿਆ । ਦਿਲਰੂਬਾ ਲੈ ਕੇ ਆਪ ਬੈਠ ਗਏ ਹਨ । ਆਸਾ ਦੀ ਵਾਰ ਦੇ ਸ਼ਬਦ ਛੱਕਿਆਂ ਦੀ ਅਗਵਾਈ ਦੇ ਨਾਲ ਨਾਲ ਦਿਲਰੂਬਾ ਉਤੇ ਹੀ ਸੁਰ-ਸਿਰਜਣਾ ਕਰ ਰਹੇ ਹਨ । ਠੇਕਾ ਸੰਤ ਅਮਰ ਸਿੰਘ ਢੱਡਾ ਦਾ ਸਪੁਤਰ ਹਰਭਜਨ ਸਿੰਘ ਲਗਾ ਰਿਹਾ ਹੈ ।

ਸਤਿਗੁਰੂ ਜੀ ਦੇ ਇਰਦ ਗਿਰਦ ਹੇਠ ਲਿਖੇ ਵਿਅਕਤੀ ਸ਼ੋਭਾ ਗ੍ਰਹਿਣ ਕਰ ਰਹੇ ਹਨ : ਸ. ਸੇਵਾ ਸਿੰਘ ਨਾਮਧਾਰੀ ਏਜੈਂਸੀਜ਼, ਸੰਤ ਪ੍ਰੀਤਮ ਸਿੰਘ ਬਾਲੀ ਨਗਰ, ਸੰਤ ਮਹਿੰਦਰ ਸਿੰਘ ਬਾਲੀ ਨਗਰ, ਸ: ਮਨਮੋਹਣ ਸਿੰਘ ਸਪੁਤਰ ਮਾ: ਨਿਹਾਲ ਸਿੰਘ, ਸੇਠ ਤ੍ਰਿਲੋਕ ਸਿੰਘ, ਸ੍ਰੀ ਸ਼ੇਰ ਸਿੰਘ ਸੇਠ ਸਪੁਤਰ ਪ੍ਰੀਤਮ ਸਿੰਘ ਕਵੀ, ਮਨਧੀਰ ਸਿੰਘ ਸਪੁਤਰ ਪ. ਸ. ਕੇ, ਸੰਤ ਅਮਰ ਸਿੰਘ ਢੱਡਾ, ਸ੍ਰੀ ਗੁਰਦੀਪ ਸਿੰਘ ਸਪੁਤਰ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ, ਸੰਤ ਮਹਿੰਦਰ ਸਿੰਘ ਪੂਰਬਾ ਹਜ਼ੂਰੀ ਸੇਵਕ, ਸੰਤ ਗੰਡਾ ਸਿੰਘ ਸੂਬਾ ਦਿੱਲੀ ਆਦਿ ।

## ਸਹੀ ਵਕਤ

੭ ਵੱਜਣ ਵਿਚ ੩ ਮਿੰਟ ਰਹਿੰਦੇ ਸਨ ਕਿ ਚੰਡੀ ਦੀ ਵਾਰ ਦੇ ਪਾਠ ਕਰਨ ਵਾਸਤੇ ਸੂਰਜ ਉਦੇ ਦੇ ਠੀਕ ਵਕਤ ਦਾ ਸੁਆਲ ਪੈਦਾ ਹੋ ਗਿਆ । ਸਤਿਗੁਰੂ ਜੀ ਨੇ ਸੇਵਕ ਪੂਰਬਾ ਨੂੰ ਲਿਖ ਕੇ ਪੁਛਿਆ (ਉਹ ਇਸ ਸਮੇਂ ਕੀਰਤਨ ਜਾਂ ਭਜਨ ਕਰਨ ਬਿਨਾਂ ਹੋਰ ਗੱਲਬਾਤ ਨਹੀਂ ਕਰਦੇ) । ਪੂਰਬਾ ਨੇ ਡਾਇਰੀ ਵੇਖੀ । ਲਿਖਿਆ ਸੀ, ਸੂਰਜ ਉਦੇ ੭-੨੧; ਪਰ ਇਸ ਹਿਸਾਬ ਨਾਲ ਦਿੱਲੀ ਵਿਚ ਕਿੰਨੇ ਵਜੇ ਚੜ੍ਹਦਾ ਹੋਵੇ ! ਸੋ ਹੱਥ ਧੋ ਕੇ, ਨਾਮਧਾਰੀ ਨਿਤਨੇਮ ਦਾ ਗੁਟਕਾ ਜੋ ਪਾਸ ਹੀ ਗਾਤਰੇ ਤੇ ਰੁਮਾਲੀ ਵਿਚ ਸੰਤੋਖਿਆ ਪਿਆ ਸੀ, ਪੂਰਬਾ ਦੁਆਰਾ ਗੁਟਕਾ ਕੱਢ ਕੇ ਫੜ ਕੇ ਫੜਾਣ ਤੇ ਪਾਠ ਕਰਨ ਵਾਸਤੇ ਲੈ ਲਿਆ । ਰਾਗੀ ਸਿੰਘ ਇਸ ਵੇਲੇ 'ਤੁਮ ਘਰ





ਧਮਾਰ ਵਿਚ ਹੋਰੀ
ਮੋਹਨ ਸਿੰਘ, ਸੁਖਦੇਵ ਸਿੰਘ, ਬਲਜੀਤ ਸਿੰਘ

ਆਵਹੁ ਮੇਰੇ ਮੀਤ' ਆਸਾਵਰੀ ਵਿਚ ਗਾਉਣ ਲਗੇ ।

## ਸਿੰਘਾਸਣ

ਸਤਿਗੁਰੂ ਜਿਸ ਆਸਣ ਤੇ ਵਿਰਾਜਦੇ ਹਨ, ਥੋੜੀ ਜਿਹੀ ਉਸਦੀ ਵਿਆਖਿਆ : ਸਾਧ ਸੰਗਤ ਦੇ ਬੈਠਣ ਲਈ ਦੱਭ ਦੀਆਂ ਸਫ਼ਾਂ, ਚਟਾਈਆਂ ਜਾਂ ਨੀਲੇ ਰੰਗ ਰਹਿਤ ਦਰੀਆਂ ਵਿਛੀਆਂ ਹੁੰਦੀਆਂ ਹਨ, ਇਹਨਾਂ 'ਚੋਂ ਸਰਬੋਤਮ ਸਤਿਗੁਰੂ ਜੀ ਦੇ ਆਸਣ ਵਾਸਤੇ, ਆਮ ਕਰਕੇ ਦੱਭ ਜਾਂ ਬਨਾਈ ਵਿਛਾਈ ਜਾਣ ਉਤੇ ਇਕ ਖੇਸ, ਉਪਰ ਦੋਹਰੀ ਕੀਤੀ ਰੇਸ਼ਮੀ ਚੱਦਰ ਜਾਂ ਕਿ ਜੇ ਕਿਸੇ ਉਚੇਚ ਨਾਲ ਛੋਟਾ ਪੱਲ੍ਹ ਕਾਢਵਾ ਤਿਆਰ ਕੀਤਾ ਹੋਵੇ, ਤਾਂ ਇਸ ਤੋਂ ਉਪਰ ਵਿਛਾਇਆ ਜਾਂਦਾ ਹੈ । ਧਿਆਨ ਰਖਿਆ ਜਾਂਦਾ ਹੈ ਕਿ ਸਾਰੇ ਬਸਤਰ ਸਫ਼ੈਦ ਅਤੇ ਸਵੱਛ ਹੋਣ ਜੇਕਰ ਕਢਾਈ ਵਾਲੀ ਜਾਂ ਕੋਈ ਛਾਪੇ ਦੀ ਚੀਜ਼ ਹੋਵੇ ਤਾਂ ਉਸ ਵਿਚ ਨੀਲੇ-ਕਾਲੇ ਰੰਗ ਦਾ ਪਰਯੋਗ ਨਾ ਕੀਤਾ ਗਿਆ ਹੋਵੇ । ਨੀਲ ਪਹਿਨਣ ਦੀ ਸਤਿਗੁਰੂ ਨਿਖੇਧੀ ਕਰਦੇ ਹਨ ਇਸ ਲਈ ਉਨ੍ਹਾਂ ਦੀ ਵਰਤੋਂ ਵਿਚ ਆਉਣ ਵਾਲੀ ਕੋਈ ਵੀ ਚੀਜ਼ ਨੀਲੇ ਰੰਗ ਦੀ ਨਹੀਂ ਹੋਣੀ ਚਾਹੀਦੀ, ਨਾਲ ਦੇ ਸੇਵਕਾਂ ਪਾਸ ਵੀ ਕਿਸੇ ਪਰਕਾਰ ਦੀ ਨੀਲ-ਸਬੰਧਤ ਵਸਤੂ ਪਰਵਾਨ ਨਹੀਂ ਕੀਤੀ ਜਾਂਦੀ ।

## ਚੰਡੀ ਦੀ ਵਾਰ

੭-੮ ਮਿੰਟ ਵਿਚ ਹੀ ਚੰਡੀ ਦੀ ਵਾਰ ਦਾ ਪਾਠ ਸਮਾਪਤ ਹੋ ਗਿਆ । ਛੁੱਟ ਅਸਲੋਂ ਬਾਲਪਣ ਤੋਂ, ਜ਼ਿੰਦਗੀ ਦਾ ਕੋਈ ਵੀ ਐਸਾ ਦਿਨ ਨਹੀਂ ਜਿਸ ਵਿਚ ਚੰਡੀ ਦੀ ਵਾਰ ਦਾ ਪਾਠ ਨਾ ਕੀਤਾ ਗਿਆ ਹੋਵੇ । ਰੋਗ ਸੋਗ, ਬਿਮਾਰੀ-



Sri Satguru Jagjit Singh Ji Elibrary NamdhariElibrary@gmail.com

ਨਮਾਰੀ ਕੋਈ ਵੀ ਚੀਜ਼ ਇਸ ਵਿਚ ਵਿਘਨ ਨਹੀਂ ਪਾ ਸਕੀ। ਚੰਡੀ ਦੀ ਵਾਰ ਦੇ ਨਾਲ ਹੀ ਆਸਾ ਦੀ ਵਾਰ ਦਾ ਭੋਗ ਵੀ ਪੈ ਗਿਆ ਹੈ। ਸਤਿਗੁਰੂ ਜੀ ਦੀ ਨਿੱਜੀ ਅਰਦਾਸ ਦੇ ਨਾਲ, ਜੁ ਸਤਿਗੁਰੂ ਜੀ ਨੇ ਗੁਪਤ ਰੂਪ ਵਿਚ ਕੀਤੀ, ਸੀਸ ਝੁਕਾਣ ਦੇ ਨਾਲ ਹੀ ਸਾਰੀ ਸੰਗਤ ਨੇ ਸਿਰ ਝੁਕਾਇਆ।

ਆਸਾ ਦੀ ਵਾਰ ਉਪਰੰਤ ਸਤਿਗੁਰੂ ਜੀ ਕਿਸੇ ਸਿੰਘ ਦੇ ਘਰ ਚਰਨ ਪਾਣ ਹਿਤ ਪਧਾਰੇ ਤੇ ਫੇਰ ਕੋਠੀ ਪੂਸਾ ਰੋਡ ਪਹੁੰਚ ਗਏ।

## ਸੇਠ ਧਰਮ ਸਿੰਘ ਦਾ ਉਪਰੇਸ਼ਨ

ਮੈਂ ੨ ਵਜੇ ਕੋਠੀ ਗਿਆ ਤਾਂ ਸੰਤ ਮਹਿੰਦਰ ਸਿੰਘ ਪੂਰਵਾ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਰਮੇਸ਼ ਨਗਰੋਂ ਸਿੱਧੇ ਆਨੰਦ ਨਰਸਿੰਗ ਹੋਮ ਵਿਚ ਪਹੁੰਚੇ ਜਿਥੇ ਸੇਠ ਤ੍ਰਿਲੋਕ



ਸੇਠ ਧਰਮ ਸਿੰਘ

ਸਿੰਘ ਦਾ ਲੜਕਾ ਧਰਮ ਸਿੰਘ ਕਮਰ ਤੇ ਨਿਕਲੇ ਰਸੌਲੀ ਕਾਰਨ ਉਪਰੇਸ਼ਨ ਕਰਵਾ ਚੁਕਾ ਸੀ। ਸੇਠ ਜੀ ਦੀ ਅਰਜ਼ ਤੇ ਸਤਿਗੁਰੂ ਜੀ ਨੇ ਕੁਝ ਹੋਰ ਸਿੰਘਾਂ ਨਾਲ ਸ੍ਰੀ ਧਰਮ ਸਿੰਘ ਨੂੰ ਏਥੇ ਹੀ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ।

ਏਥੋਂ ਮੁੜਨ ਤਕ ਸੇਠ ਕਿਰਪਾਲ ਸਿੰਘ ਡਾਲਟਨ ਗੰਜ ਦੀ ਬੇਨਤੀ ਉਪਰੰਤ ਕਿ ਉਨ੍ਹਾਂ ਦੇ ਭਰਾ ਸ੍ਰ: ਸੁਰਿੰਦਰ ਸਿੰਘ ਦੀ ਪਤਨੀ ਬੀਬੀ ਮਨਜੀਤ ਕੌਰ ਦੀ ਮੋਚ ਨਿਕਲੀ ਹੋਣ ਕਾਰਨ ਲੱਤ ਤੇ ਪਲਸਤਰ ਕੀਤਾ ਪਿਆ ਹੈ, ਉਸਨੂੰ ਘਰ ਜਾ ਕੇ ਦਰਸ਼ਨ ਦਿਤੇ। ਦੋਹਾਂ ਥਾਵਾਂ ਦੇ ਮਰੀਜ਼ਾਂ ਨੂੰ ਮਾਨਸਿਕ ਤੌਰ ਤੇ ਬਹੁਤ ਹੀ ਸੁਖ ਹੋਇਆ। ਮਰੀਜ਼ਾਂ ਨੂੰ ਜਲਦੀ ਅਰੋਗ ਹੋਣ ਦਾ ਵਿਸ਼ਵਾਸ ਹੈ।

## ਦਰਸ਼ਨ ਪਿਆਸੇ

ਏਧਰੋਂ ਆ, ਇਸ਼ਨਾਨ ਆਦਿ ਕਰ ਸਤਿਗੁਰੂ ਜੀ ਨੇ ਪ੍ਰਸ਼ਾਦ ਛਕ ਕੁਛ ਸਮਾਂ ਆਰਾਮ ਕੀਤਾ। ਜਦੋਂ ਨੂੰ ਮੈਂ ਸਤਿਗੁਰੂ ਜੀ ਦੇ ਬੈਠਕ ਕਮਰੇ ਵਿਚ ਪਹੁੰਚਾ ਆਪ ਜੀ ਕੁਰਸੀ ਤੇ ਸਸ਼ੋਭਤ ਸਨ ਮੰਡੀ ਵਾਲੇ ਸ੍ਰ: ਤਾਰਾ ਸਿੰਘ, ਮਹੰਤ ਗੁਰਬਖਸ਼ ਸਿੰਘ ਦਾ ਲੜਕਾ ਸ੍ਰ ਜੋਗਿੰਦਰ ਸਿੰਘ ਨਾਗੀ ਇੰਡਸਟ੍ਰੀਜ਼ ਅਤੇ ਇਸ ਦਾ ਫੁਫੜ ਆਪਦੇ ਸਾਹਵੇਂ ਬੈਠੇ ਸਨ, ਪਤਾ ਨਹੀਂ ਕੀ ਗੱਲਬਾਤ ਹੋਈ। ਸ੍ਰ: ਸੁਰਿੰਦਰ ਸਿੰਘ ਮਨਚੰਦਾ ਨੇ ਇਨਾਂ ਦੇ ਪਤੇ ਨੋਟ ਕੀਤੇ। ਉਹ ਉਠੇ ਤਾਂ ਮਾਈਆਂ ਦਾ ਇਕ ਗਰੁਪ ਦਰਸ਼ਨਾਂ ਲਈ ਆ ਗਿਆ। ੫ ਕੁ ਮਿੰਟ ਤਕ ਸਤਿਗੁਰੂ ਤੀਸਰੇ ਇਸ਼ਨਾਨ ਲਈ ਅੰਦਰੋਂ ਚਲੇ ਗਏ।

## ਦਰਸ਼ਨ ਪ੍ਰੇਮੀ

ਆਰਾਮ ਉਪਰੰਤ ਇਕ ਹੋਰ ਇਸ਼ਨਾਨ ਕਰਕੇ ਸਤਿਗੁਰੂ ਜੀ ਨਿਜੀ ਨਿਤਨੇਮ ਲਈ ਆਪਣੇ ਇਕਾਂਤ ਕਮਰੇ ਵਿਚ ਹੀ ਰਹੇ। ਬੈਠਕ ਕਮਰੇ ਵਿਚ ਸੇਠ ਕਿਰਪਾਲ ਸਿੰਘ-ਮਹਿੰਦਰ ਸਿੰਘ ਡਾਲਟਨ ਗੰਜ ਸੇਠ ਤਰਨ ਸਿੰਘ ਥਾਈਲੈਂਡ ਗਿਆਨੀ ਜਸਵੰਤ ਸਿੰਘ, ਇਹਨਾਂ ਦਾ ਲੜਕਾ ਸ੍ਰੀ ਪ੍ਰੇਮ ਸਿੰਘ ਇਸਦੇ ਦਾਦਾ ਸੂਬਾ ਗੰਡਾ ਸਿੰਘ ਜੀ ਆਕੇ ਬੈਠ ਗਏ। ਸ੍ਰੀ ਹਰਭਜਨ ਸਿੰਘ ਵੱਡੇ ਨੂੰ ਉਚੇਚਾ ਸੱਦਿਆ ਗਿਆ ਸੀ।

ਸਤਿਗੁਰੂ ਜੀ ਬਾਹਰ ਆਏ ਤਾਂ ਸਭ ਨੇ ਨਮਸਕਾਰਾਂ, ਚਰਨੀਂ ਸਿਰ ਧਰ, ਕੀਤੀਆਂ। ਹੁਣ ਤੱਕ ਸ: ਹੰਸਪਾਲ ਤੇ ਸ੍ਰੀ ਗੁਰਭਜਨ ਸਿੰਘ ਜੀ ਆ ਗਏ। ਸ: ਹਰਵਿੰਦਰ ਸਿੰਘ ਨੇ ਕੁਝ ਇੰਦਰਾ ਪੱਖੀ ਤੇ ਜਨਤਾ ਪਾਰਟੀ ਵਿਰੋਧੀ ਖਬਰਾਂ ਸੁਣਾਈਆਂ। ਅਜੇ ਗੱਲਬਾਤ ਚਲਦੀ ਹੀ ਪਈ ਸੀ ਕਿ ਰਿਟਾਇਡ ਐਸ. ਪੀ. ਸ: ਅਨੂਪ ਸਿੰਘ ਰਾਜਾ ਗੰਗ, ਸ: ਸੋਹਣ ਸਿੰਘ ਥਰਾਜੀਏ ਦੇ ਲੜਕੇ ਨੂੰ ਨਾਲ ਲਈ ਪਹੁੰਚ ਗਏ। ਮੱਥਾ ਟੇਕਿਆ।

ਸਤਿਗੁਰੂ ਜੀ ਨੇ ਸ: ਅਨੂਪ ਸਿੰਘ ਪਾਸੋਂ ਸ: ਪ੍ਰੀਤਮ ਸਿੰਘ ਭਿੰਡਰ ਤੇ ਸ: ਗੁਰਚਰਨ ਸਿੰਘ ਬਾਰੇ ਪੁਛਿਆ : ਜਿਨ੍ਹਾਂ ਤੇ ਸੁੰਦਰ ਡਾਕੂ ਨੂੰ ਮਾਰਨ ਦਾ ਕੇਸ ਬਣਾਇਆ ਗਿਆ ਹੈ। ਇਹਨਾਂ ਬਾਰੇ ਸੁਣ-ਸਮਝ ਸਤਿਗੁਰੂ ਜੀ ਥੋੜੇ ਸਮੇਂ ਕੋਠੀ ਦੇ ਪਿਛਲੇ ਵਿਹੜੇ ਵਿਚ ਪਧਾਰੇ ਜਿਥੇ ਅਨੇਕਾਂ ਇਸਤਰੀਆਂ ਨਮਸਕਾਰ ਕਰਨ ਲਈ ਇੰਤਜ਼ਾਰ ਵਿਚ ਸਨ।

## 'ਭੱਜਣਾ ਮੈਂ ਵੀ ਨਹੀਂ'

ਪਹਾੜ ਗੰਜ ਇਲਾਕੇ ਵਿਚ ਰਹਿੰਦੀ, ਇਹਨਾਂ ਵਿਚ



Sri Satguru Jagjit Singh Ji Elibrary NamdhariElibrary@gmail.com

ਖਲੋਤੀ ਇਕ ਮਾਈ ਵੀਰਾਂ ਦੇਵੀ ਨੇ ਸਤਿਗੁਰੂ ਜੀ ਦੀ ਆਰਕ ਨੂੰ ਬਾਰ-ਬਾਰ ਹੱਥ ਲਗਾ ਕੇ (ਜੋ ਅਯੋਗ ਤਰੀਕਾ ਹੈ) ਬੇਨਤੀ ਕੀਤੀ ਕਿ ਉਸ ਨੇ ਜੀਉਂਦੇ ਜੀ ਆਪਣਾ ਅੰਤਮ ਭੋਗ ਪੁਆਣਾ ਹੈ ਆਪ ਉਸ ਸਮੇਂ ਜ਼ਰੂਰ ਦਰਸ਼ਣ ਦੇਣ। ਨਾਲ ਹੀ ਅਰਜ਼ ਕੀਤੀ ਕਿ ਧਰਮਸਾਲਾ ਦੇ ਗ੍ਰੰਥੀ ਨੂੰ ਉਥੋਂ ਛੁੱਟੀ ਕੀਤੀ ਜਾਵੇ ਕਿਉਂਕਿ ਉਹ ਧਰਮਸਾਲਾ ਤੇ ਵਧੇਰੇ ਤਸੱਲਤ ਜਮਾਉਂਦਾ ਹੈ। ਸਤਿਗੁਰੂ ਜੀ ਨੇ ਸਮਝਾਇਆ ਜੇ ਉਸ ਨੂੰ ਕੱਢ ਦਿੱਤਾ ਤੇ ਜੋ ਉਸ ਦੀ ਥਾਂ ਆਇਆ ਉਹ ਹੋਰ ਵੀ ਭੈੜਾ ਨਿਕਲਿਆ ਤਾਂ ਕੀ ਕਰਾਂਗੇ।

ਪਰ ਮਾਈ ਆਪਣੀ ਗੱਲ ਕਰੀ ਗਈ, ਕਰੀ ਗਈ।

ਸਤਿਗੁਰਾਂ ਬਚਨ ਕੀਤਾ : ਮਾਈ ਭਜਾਣਾ ਚਾਹੁੰਦੀ ਹੈ, ਪਰ ਭੱਜਣਾ ਮੈਂ ਵੀ ਨਹੀਂ। ਅਤੇ ਕਹਿਣ ਲੱਗੇ : ਮਾਈ, ਹਰਵਿੰਦਰ ਸਿੰਘ ਨੂੰ ਆਪਣੀ ਸਾਰੀ ਗੱਲ ਦੱਸ ਦੇਈਂ, ਉਹ ਜਿਵੇਂ ਯੋਗ ਹੋਇਆ ਕਰ ਦੇਵੇਗਾ।

## ਪਖ਼ਤੂਨ

ਅਤੇ ਫਿਰ ਆਪ ਦੇ ਧਿਆਨ ਵਿਚ ਪੁਲੀਟੀਕਲ ਸਫ਼ਰਰ ਸ. ਗਣੇਸ਼ਾ ਸਿੰਘ ਪਖ਼ਤੂਨ ਆਇਆ। ਇਹ ਕਦੇ ਕਦੇ ਸਤਿਗੁਰੂ ਜੀ ਦੀ ਸੇਵਾ ਵਿਚ ਆ ਕੇ ਮਨ ਦਾ ਭਾਰ ਹੌਲਾ ਕਰ ਜਾਂਦਾ ਹੈ। ਜਦੋਂ ਉਸ ਨੂੰ ਨਾਲ ਲਿਜਾ ਕੇ ਬੈਠਕ ਕਮਰੇ ਵਿਚ ਪਲੰਘ ਤੇ ਬੈਠੇ ਤਾਂ ਵਿਛੇ ਫ਼ਰਸ਼ ਤੇ ਬੈਠੇ ਗਣੇਸ਼ਾ ਸਿੰਘ ਬਜ਼ੁਰਗ ਨੇ ਆਪਣੇ ਥੈਲੇ ਵਿਚੋਂ ਅਨੇਕਾਂ ਕਾਗਜ਼ ਕਢੇ, ਕਟਿੰਗ ਖਿਲਾਰੇ, ਤਸਵੀਰਾਂ ਵੀ ਫੈਲਾਈਆਂ ਤੇ ਦੋ ਤਿੰਨ ਦਿਨ ਹਿੰਦੀ ਚਿੱਠੀਆਂ ਸਤਿਗੁਰਾਂ ਨੂੰ ਫੜਾ ਕੇ ਆਖਣ ਲਗਾ : ਭਵਿਖ ਬਾਣੀ ਸੁਣੋ। ਇਹ ਸਭ ਕੁਝ ਜੋ ਹੁਣ ਪੁਲੀਕਲ ਲੇਵਲ ਤੇ ਨਜ਼ਰ ਆ ਰਿਹਾ ਹੈ, ਸਭ ਖ਼ਤਮ ਹੋਣ ਵਾਲਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਪੂਰੇ ਹੋਣ ਵਾਲੇ ਹਨ। ਅਤੇ ਬਿਰਧ ਸਰਦਾਰ ਰੋਣ ਭਰੀ ਆਵਾਜ਼ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਜ਼ਿਕਰ ਕਰਨ ਲਗਾ।

ਅਜੇ ਸ: ਪਖ਼ਤੂਨ ਦੀਆਂ ਗੱਲਾਂ ਸੁਣ ਕੇ ਹਟੇ ਹੀ ਸੀ ਕਿ ਸ: ਹੰਸਪਾਲ ਨੇ ਮੈਨੂੰ ਆਪਣੇ ਨਾਲ ਲੈਜਾਣ ਦੀ ਆਗਿਆ ਮੰਗੀ ਤੇ ਸਾਡੇ ਨਾਲ ਗੁਰਭਜਨ ਸਿੰਘ ਵੀ ਮਿਲ ਗਿਆ ਅਤੇ ਅਸੀਂ ਸ੍ਰੀ ਜੰਗਾ ਰਾਵ ਆਫ਼ 'ਬਲਿਟਜ਼' ਨੂੰ ਮਿਲਣ ਚਲੇ ਗਏ। ਜੋ ਕੁਝ ਸਰਸੇ ਇਲਾਕੇ ਵਿਚ ਨਾਮਧਾਰੀਆਂ ਨਾਲ ਵਾਪਰ ਰਿਹਾ ਹੈ ਉਸ ਬਾਰੇ ਗੱਲ ਕੱਥ ਸ੍ਰੀ ਜੰਗਾ ਰਾਵ ਨੂੰ ਦੱਸੀ। ਉਸ ਨੇ ਠੋਸ ਮਿਸਾਲਾਂ, ਤਾਰੀਖਾਂ ਤੇ ਕੇਸਾਂ ਬਾਰੇ ਜਾਣਕਾਰੀ ਮੰਗੀ। ਇਸ ਸੰਬੰਧ ਵਿਚ ਮੁਲਾਕਾਤ ਮੰਗਲਵਾਰ ਉਤੇ ਰੱਖੀ।

## ਸੰਗੀਤ ਸਭਾ

ਵਾਪਸ ਆਉਂਦਿਆਂ ਨੂੰ ਰਾਤ ਦੇ ੬ ਵਜ ਚੁਕੇ ਸਨ। ਸਤਿਗੁਰੂ ਜੀ ਖੱਦਰ ਦਾ ਕੁਰਤਾ ਪਜਾਮਾ ਪਹਿਨੀ ਦਸਤਾਰ ਸਜਾਈ ਭਜ ਕੇ ਕੋਠੀ ਦੇ ਲੰਗਰ ਨਾਲ ਲਗਦੇ ਹਾਲ ਵਿਚ ਪਹੁੰਚੇ ਜਿਥੇ ਗਲੀਚਿਆਂ ਉਤੇ ਸਤਿਗੁਰੂ ਜੀ ਲਈ ਆਸਣ ਵਿਛਿਆ ਹੋਇਆ ਸੀ। ਸਾਹਮਣੇ ਸ੍ਰੀ ਗੁਰਦੇਵ ਸਿੰਘ ਸਰੋਦ ਲੈ ਕੇ ਬੈਠਾ ਸਰੋਦ ਟੁਣਕਾ ਰਿਹਾ ਤੇ ਸ੍ਰੀ ਚੰਦਰ ਮੋਹਣ ਤਬਲਚੀ 14½ ਮਾਤਰਾਂ ਦੀਆਂ ਗਤਾਂ ਵਜਾ ਰਿਆ ਸੀ। ਸ੍ਰੀ ਹਰਭਜਨ ਸਿੰਘ ਸਿਤਾਰ ਗਹਿਰੀ ਦਿਲਚਸਪੀ ਨਾਲ ਇਸ ਨੂੰ ਸੁਣ ਸਮਝ ਰਿਹਾ ਸੀ।

ਹੇਠ ਲਿਖੇ ਵਿਅਕਤੀ ਸਤਿਗੁਰੂ ਜੀ ਨਾਲ ਇਸ ਸੰਗੀਤ ਰਸ ਤੋਂ ਸਰਸ਼ਾਰ ਹੋ ਰਹੇ ਹਨ : ਠਾਕੁਰ ਉਦੇ ਸਿੰਘ ਜੀ, ਸੁਖਦੇਵ ਸਿੰਘ-ਸੁਰਿੰਦਰ ਸਿੰਘ ਭੈ: ਸਾ: ਮੋਹਣ ਸਿੰਘ (ਬੱਚੇ ਜੋ ਏਥੇ ਸੰਗੀਤ ਸਿਖਦੇ ਹਨ)। ਡਾਲਟਨ ਗੰਜ ਦਾ ਇਕ ਨੌਜਵਾਨ ਸ੍ਰੀ ਗੁਰਦੇਵ ਸਿੰਘ ਸਪੁਤਰ ਸੰਤ ਬਲਵੰਤ ਸਿੰਘ, ਜੋ ਸ਼ੌਂਕ ਰਖਦਾ ਖ਼ੂਬਸੂਰਤ ਨਾਮਧਾਰੀ ਹੈ। ਸ੍ਰੀ ਗੁਰਭਜਨ ਸਿੰਘ ਨਾਮਧਾਰੀ, ਸ: ਜਗਦੀਸ਼ ਸਿੰਘ ਆਫ਼ "ਵਰਿਆਮ" ਸੇਠ ਤ੍ਰਿਲੋਕ ਸਿੰਘ ਹੁਰਾਂ ਦਾ 'ਲਾਲ', ਸ੍ਰੀ ਹਰਭਜਨ ਸਿੰਘ ਢੋਡਾ, ਮਸਤਾਨਾ ਗੁਰਬਖ਼ਸ਼ ਸਿੰਘ ਤੇ ਇਕ ਹੋਰ ਸਰੀਰ।

ਸਤਿਗੁਰੂ ਜੀ ਨੇ ਵਜੰਤਰੀਆਂ ਨੂੰ ਰੋਕ ਕੇ ਮਾਤਰਾ ਗਿਣਨ ਦਾ ਠੀਕ ਢੰਗ ਦੱਸ ਕੇ ਫ਼ਰਮਾਇਆ : ਅਸੀਂ ਜਿਸ ਨੂੰ ਆਪਣੇ ਗਿਆਨ ਨਾਲ ਸੈੱਟ ਕਰਕੇ ਘੇਰੇ ਬੰਦ ਕਰਦੇ ਹਾਂ ਉਹੋ ਹੀ ਮਾਤਰਾ ਦੁਆਰਾ ਸੁਰ-ਤਾਲ-ਲੈਅ ਵਿਚ ਨਿਬੱਧ ਹੋ ਕੇ ਮੁਨਾਸਬ ਸੁਧਤਾ ਸਪਸ਼ਟ ਕਰਦਾ ਹੈ। ਸ੍ਰੀ ਚੰਦਰ ਮੋਹਣ ਅਤੇ ਗੁਰਦੇਵ ਸਿੰਘ ਨੂੰ ਇਹ ਗਤ ਖ਼ੂਬ ਪਕਵਾਈ।

## ਬਾਬੇ ਦੀ ਸ਼ਲਾਘਾ

ਅੱਜ ਸਤਿਗੁਰੂ ਜੀ ਨੇ ਚੌਧਰੀ ਚਰਨ ਸਿੰਘ ਭਾਰਤ ਦੇ ਗ੍ਰਿਹ ਮੰਤਰੀ ਬਾਰੇ "ਨਵਾਂ ਜ਼ਮਾਨਾ" ਪੰਜਾਬੀ ਰੋਜ਼ਾਨਾ ਅਖਬਾਰ ਦੇ ਵਿਸ਼ੇਸ਼ ਟਿੱਪਣੀਕਾਰ ਦੀ ਟਿੱਪਣੀ ਦੀ ਬੜੀ ਸ਼ਲਾਘਾ ਕੀਤੀ। ਆਪਣੇ ਕਿਹਾ : ਸੁੰਦਰ ਸ਼ਬਦਾਂ ਵਿਚ, ਬਿਨਾਂ ਗਾਲਾਂ ਕੱਢਣ ਤੋਂ ਤੱਥਾਂ ਦੇ ਵਰਨਣ ਨਾਲ ਹੀ ਚਰਨ



Sri Satguru Jagjit Singh Ji Elibrary NamdhariElibrary@gmail.com



ਗੁਰਬਖਸ਼ ਸਿੰਘ ਬੰਨੋਆਣਾ

ਸਿੰਘ ਦੇ ਕਿਰਦਾਰ ਨੂੰ ਉਘਾੜਿਆ ਹੈ। ਮੈਨੂੰ ਬੜਾ ਪਸੰਦ ਆਇਆ ਹੈ।

ਮੈਂ ਸ੍ਰੀ ਹਜ਼ੂਰ ਨੂੰ ਦਸਿਆ ਕਿ ਇਹ ਵਿਸ਼ੇਸ਼ ਟਿੱਪਣੀ ਬਾਰ "ਨਵਾਂ ਜ਼ਮਾਨਾ" ਦਾ ਸੰਪਾਦਕੀ ਲੇਖਕ ਬਾਬਾ ਗੁਰ-ਬਖ਼ਸ਼ ਸਿੰਘ ਬੰਨੋਆਣਾ ਹੈ।

## ਜਲੰਧਰ ਦੇ ਦੋ ਅਖਬਾਰ

ਸ੍ਰੀ ਜਗਦੀਸ਼ ਸਿੰਘ ਸੰਪਾਦਕ "ਵਰਿਆਮ" ਨੇ ਹਜ਼ੂਰ ਦੀ ਸੇਵਾ ਵਿਚ ਫੋਟੋ ਛਪੀ ਵਾਲੇ 'ਪੰਜਾਬ ਕੇਸਰੀ' ਜਲੰਧਰ ਅਤੇ 'ਅਜੀਤ' ਜਲੰਧਰ ਪੇਸ਼ ਕੀਤੇ। 'ਪੰਜਾਬ ਕੇਸਰੀ' ੧੫.੧੨.੭੭ ਵਿਚ ਡਾ: ਗੁਜਰਾਣ ਤੋਂ ਤੂਹਫ਼ੇ ਪ੍ਰਾਪਤ ਕਰਦਿਆਂ ਦੀ ਤੇ ੧੩.੧੨.੭੭ ਦੇ "ਅਜੀਤ" ਵਿਚ ਸ਼ਿਵਾ ਜੀ ਸਟੇਡੀਅਮ ਵਿਚ ਬੈਠਿਆਂ ਦੀ।

ਰਾਤੀਂ ੮ ਵਜੇ ਤਕ ਸੰਗੀਤ ਸਭਾ ਚਲੀ ਜਿਸ ਵਿਚ ਸ੍ਰੀ ਚੰਦਰ ਮੋਹਣ ਅਤੇ ਬੱਚਿਆਂ ਨੂੰ ੧੪½, ੧੪¼, ਤੇ ੧੪¾ ਮਾਤਰਾ ਗਾਉਣੀਆਂ ਵਜਾਉਣੀਆਂ ਅਤੇ ਇਨ੍ਹਾਂ ਵਿਚ ਤਿਹਾਈਆਂ ਲਗਾਣ ਦੀ ਜਾਚ ਦਸੀ।

### ੧੭ ਦਸੰਬਰ ੧੯੭੭ ਸ਼ਨੀਵਾਰ
### ਨਵੀਂ ਦਿੱਲੀ

## ਆਰੇ ਵਾਲਿਆਂ ਦੇ ਆਸਾ ਦੀ ਵਾਰ

ਆਸਾ ਦੀ ਵਾਰ ਦਾ ਸੰਕੀਰਤਨ ਸੰਤ ਤਰਲੋਕ ਸਿੰਘ ਆਰੇ ਵਾਲਿਆਂ ਦੀ ਫੈਕਟਰੀ ਲਕੜਮੰਡੀ ਵਿਚ ਹੋਇਆ। ਸਤਿਗੁਰਾਂ ਨੇ ਸਮੇਂ ਸਿਰ ਦਰਸ਼ਨ ਦੇ ਕੇ ਪਰਿਵਾਰ ਨੂੰ ਖੁਸ਼ੀਆਂ ਬਖਸ਼ੀਆਂ।

ਵਾਰ ਉਪਰੰਤ ਸ੍ਰ ਗੁਰਚੈਨ ਸਿੰਘ ਨੈਰੋਬੀ (ਅਫਰੀਕਾ) ਸ੍ਰ. ਹਰਵਿੰਦਰ ਸਿੰਘ ਹੰਸਪਾਲ ਤੇ ਸ੍ਰ. ਜਗਦੀਸ਼ ਸਿੰਘ "ਵਰਿਆਮ" ਸੰਪਾਦਕ ਮੇਰੇ ਘਰ ਜੇ ੩/੧੯੯ ਰਾਜੌਰੀ ਗਾਰਡਨ ਪਧਾਰੇ। ਹੰਸਪਾਲ ਨੇ ਦੱਸਿਆ ਕਿ ਸਤਿਗੁਰੂ ਜੀ ੧੧/੧੦ ਪੂਸਾ ਰੋਡ ਪਹੁੰਚ ਕੇ ਫਿਰ, ਗਾਂਧੀ ਨਗਰ, ਜਮਨਾ ਪਾਰ ਮਹੰਤ ਗੁਰਬਖਸ਼ ਸਿੰਘ ਦੇ ਗ੍ਰਿਹਿ ਪਹੁੰਚੇ, ਮਹੰਤ ਜੀ ਦਾ ਸਰੀਰ ਅਸਵਸਥ ਹੈ। ਕੱਲ ਉਨ੍ਹਾਂ ਦਾ ਲੜਕਾ ਸ੍ਰ. ਜੁਗਿੰਦਰ ਸਿੰਘ ਅਤੇ ਦੋ ਤਿੰਨ ਹੋਰ ਸਰੀਰ ਇਹੋ ਬੇਨਤੀ ਕਰਨ ਆਏ ਸਨ।

ਸਤਿਗੁਰੂ ਜੀ ਦੇ ਅਤੀ ਪਿਆਰੇ ਸਿਖ ਸ੍ਰ. ਗੁਰਚੈਨ ਸਿੰਘ ਰਾਤ ਦੇ ਭੈਣੀ ਸਾਹਿਬੋਂ ਦਿੱਲੀ ਆਏ ਹੋਏ ਹਨ। ਉਹਨਾਂ ਅੱਜ ਨੈਰੋਬੀ ਲਈ ਜਹਾਜ਼ ਫੜਨਾ ਹੈ।

## ਸ਼ਾਪਿੰਗ ਸੈਂਟਰ

ਜਦੋਂ ਮੈਂ ਤੇ ਜਗਦੀਸ਼ ਸਿੰਘ 'ਵਰਿਆਮ' ਕੋਠੀ ੧੧/੧੦ ਪੂਸਾ ਰੋਡ ਆਉਣ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਮਾਰਕਿਟ, ਸ਼ਾਪਿੰਗ ਸੈਂਟਰ ਪੁੱਜੇ ਤਾਂ ਸੇਠ ਕਿਰਪਾਲ ਸਿੰਘ ਅਤੇ ਉਨ੍ਹਾਂ ਦਾ ਲੜਕਾ ਬਚਿੱਤਰ ਸਿੰਘ ਮਿਲਿਆ। ਸੇਠ ਕਿਰਪਾਲ ਸਿੰਘ ਹੁਰਾਂ ਦੱਸਿਆ ਕਿ ਸੱਚੇ ਪਾਤਸ਼ਾਹ ੧੦ ਮਿੰਟ ਪਹਿਲਾਂ ਸ਼ਾਪਿੰਗ ਸੈਂਟਰ ਵਿਚ ਚਰਨ ਪਾਕੇ ਗਏ ਹਨ।

ਕੋਠੀ ਪੁਜਿਆਂ ਸ਼੍ਰੀ ਗੁਰਭਜਨ ਸਿੰਘ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜੀ, ਸੇਠ ਕਿਰਪਾਲ ਸਿੰਘ, ਬਚਿਤਰ ਸਿੰਘ ਅਤੇ ਉਸਨੂੰ ਨਾਲ ਲੈ ਕੇ ਥੋੜੇ ਸਮੇਂ ਕਰੋਲ ਬਾਗ ਦੇ ਕੁਝ ਖਾਲੀ ਪਲਾਟਾਂ ਨੂੰ ਵੇਖਣ ਲਈ ਪਧਾਰੇ। ਮਾਲੂਮ ਹੁੰਦਾ ਹੈ ਕਿ ਹੋਰ ਕਾਰੋਬਾਰ ਲਈ ਨਵੇਂ ਪਲਾਟਾਂ ਦੀ ਤਲਾਸ਼ ਹੋਵੇਗੀ ਜਾਂ ਡਾਲਟਨ ਗੰਜੀਆਂ ਦੀ ਘਰੋਗੀ ਲੋੜ ਏਜੰਡੇ ਉਤੇ ਹੋਵੇਗੀ।

੧੧ ਵਜੇ ਤਕ ਸਤਿਗੁਰੂ ਜੀ ਨੇ ਪ੍ਰਸ਼ਾਦ ਛੱਕ ਲਿਆ। ਬੀਬਾ ਜੀ ਆਪ ਦੇ ਪਾਸ ਰਹੇ। ਬੀਬੀ ਸੁਰਜੀਤ ਤੇ ਬੀਬੀ ਨਰਿੰਦਰ ਪ੍ਰਸ਼ਾਦ ਛਕਾਂਦੀਆਂ ਰਹੀਆਂ। ਸੰਤ ਮਹਿੰਦਰ ਸਿੰਘ ਪੂਰਵਾ ਅਤੇ ਸੰਤ ਕਿਰਪਾਲ ਸਿੰਘ ਢੱਬਰ ਕੋਲ ਸੇਵਾ ਦੀ ਇੰਤਜ਼ਾਰ ਵਿਚ ਸਨ।

ਪ੍ਰਸ਼ਾਦ ਛੱਕ ਕੇ ਆਉਂਦਿਆਂ ਨੂੰ ਬੈਠਕ ਕਮਰੇ ਵਿਚ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਵਾਲੇ ਤੇ ਸੰਤ ਜੁਗਿੰਦਰ ਸਿੰਘ ਸਰਾਜ ਅਤੇ ਕੁਝ ਹੋਰ ਸਰੀਰ ਨਮਸ-ਕਾਰ ਕਰ ਭੇਟਾ ਧਰਨ ਲਈ ਅਗੇ ਵਧੇ। ਸਤਿਕਾਰ ਪ੍ਰਵਾਨ ਕਰਦਿਆਂ ਸੰਤ ਜੁਗਿੰਦਰ ਸਿੰਘ ਨੂੰ ਕੋਟ-ਪੈਂਟ ਵਿਚ ਵੇਖਕੇ ਬਚਨ ਕੀਤਾ : ਤੂੰ ਨਹੀਂ ਇਹਨਾਂ ਕਪੜਿਆਂ ਵਿਚ ਜਚਦਾ। ਤੈਨੂੰ ਨਾਮਧਾਰੀ ਵਸਤਰ ਵਧੇਰੇ ਜਚਦੇ ਹਨ। ਅਤੇ ਆਪ ਆਰਾਮ ਕਮਰੇ ਵਿਚ ਚਲੇ ਗਏ।





Sri Satguru Jagjit Singh Ji Elibrary NamdhariElibrary@gmail.com

*WITH BEST COMPLIMENTS FROM :*

# *Harbhajan Sarbjeet & Associates*

*CIVIL ENGINEERING CONTRACTORS*

*Head office :*
*562/6 Ramgarh Colony*
*Kanpur Road, LUCKNOW-5 (U P.)*
*Phone : 51510.*

*Administrative office :*
*2, S B H officers colony*
*Jalna Road,*
*AURANGABAD-431001*
*(Maharashtra)*
*Phone : 3587.*

**Works in Hand :**

Construction of Paithan Right bank Canal
Javakwadi Project
AURANGABAD (M.S.)
Costing Rs. 3.20 Crores

Construction of Central Railways Project in between Karjat & Lonavala (Bombay)
Costing Rs. 1.13 Crores

Construction of Waranga Tunnel 2.5 km long & Canal Works on Upper Penganga Project
NANDED (M.S.)
Costing Rs. 4.50 Crores



Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM October 1981
Registered with the registrar of News Papers for India No. 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ASOKA BISCUIT




ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones : 565693
562588

## *Sri Hari Partap Trading Centre*

6/85 W. E. A. KAROL BAGH

NEW DELHI-110005

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jullundur-144001

Sri Satguru Jagjit Singh Ji Elibrary NamdhariElibrary@gmail.com